## ਯੁੱਗ ਦਾ ਅੰਤ

# ਮੱਤੀ 24 ਅਤੇ ਸਬੰਧਤ ਹਵਾਲੇ

ਕੁਝ ਟੀਕਾਕਾਰ ਮੱਤੀ 24 ਅਧਿਆਇ ਨੂੰ ਪਰਕਾਸ਼ ਦੀ ਪੋਥੀ ਦੇ ਨਾਲ ਜੋੜ ਕੇ ਇਹ ਮੰਨਦੇ ਹਨ ਕਿ ਪਰਕਾਸ਼ ਦੀ ਪੋਥੀ ਦੇ ਵਾਂਗ, ਮੱਤੀ 24 ਅਧਿਆਇ ਵੀ ਲੜਾਈਆਂ, ਅਕਾਲਾਂ, ਭੁਚਾਲਾਂ ਅਤੇ ਮਸੀਹੀਆਂ ਦੇ ਉੱਤੇ ਹੋਣ ਵਾਲੇ ਅੱਤਿਆਚਾਰਾਂ ਦਾ ਉਲੇਖ ਕਰਦਾ ਹੈ (ਮੱਤੀ 24:6, 7, 9; ਪਰਕਾਸ਼ ਦੀ ਪੋਥੀ 2:10; 6:8; 9:15; 11:7, 13; 18:8)। ਇਹ ਅਭਿਆਸ ਉਸ ਸਮੇਂ ਤਕ ਕਾਫੀ ਸਹੀ ਹੈ ਜਦੋਂ ਤਕ ਅਸੀਂ ਇਸ ਗਲਤ ਅਧਾਰ ਦੇ ਨਾਲ ਇਸ ਗੱਲ ਨੂੰ ਸ਼ੁਰੂ ਨਹੀਂ ਕਰਦੇ ਕਿ ਮੱਤੀ 24 ਅਧਿਆਇ ਅਤੇ ਪਰਕਾਸ਼ ਦੀ ਪੋਥੀ ਦਾ ਉਦੇਸ਼ ਉਨ੍ਹਾਂ "ਸਮਿਆਂ ਦੇ ਨਿਸ਼ਾਨ" ਪਰਗਟ ਕਰਨਾ ਹੈ ਜੋ ਸਾਨੂੰ ਦੱਸਦੇ ਹਨ ਕਿ ਮਸੀਹ ਦਾ ਆਉਣ ਦਾ ਸਮਾਂ ਕਦੋਂ ਹੈ।

ਇਸ ਵਾਧੂ ਭਾਗ ਦਾ ਉਦੇਸ਼, ਮਰਕੁਸ 13 ਅਤੇ ਲੂਕਾ 21 ਦੇ ਸਮਾਂਤਰ ਹਵਾਲਿਆਂ ਦੇ ਨਾਲ, ਮੱਤੀ 24 ਅਧਿਆਇ ਤੇ ਇਹ ਵੇਖਣ ਦੇ ਲਈ ਧਿਆਨ ਦੇਣਾ ਹੈ ਕਿ ਇਹ ਕੀ ਸਿਖਾਉਂਦੇ ਹਨ ਅਤੇ ਕੀ ਨਹੀਂ ਸਿਖਾਉਂਦੇ ਹਨ। ਜ਼ਿਆਦਾਤਰ ਲੇਖਕ ਇਹ ਮੰਨਦੇ ਹਨ ਕਿ ਮੱਤੀ 24 ਅਧਿਆਇ ਇੱਕ ਔਖਾ ਅਧਿਆਇ ਹੈ; ਸ਼ਾਇਦ ਇਹ ਬਾਈਬਲ ਵਿਚਲੇ ਸਭ ਤੋਂ ਔਖੇ ਅਧਿਆਇਆਂ ਵਿਚੋਂ ਇੱਕ ਹੈ। ਫਿਰ ਵੀ, ਜੇਕਰ ਇਸ ਵਿਚ ਉਹ ਮੂਲ ਸੱਚਾਈਆਂ ਨਾ ਹੁੰਦੀਆਂ ਜਿਨ੍ਹਾਂ ਨੂੰ ਅਸੀਂ ਸਮਝ ਸਕਦੇ ਹਾਂ ਪਰਮੇਸ਼ੁਰ ਨੇ ਸਾਡੇ ਲਈ ਇਸ ਹਵਾਲੇ ਨੂੰ ਸੁਰੱਖਿਅਤ ਨਹੀਂ ਰੱਖਣਾ ਸੀ। ਇਸ ਅਧਿਐਨ ਵਿਚ, ਅਸੀਂ ਹੈਕਲ ਦੇ ਨਾਸ ਦੀ ਦੰਗ ਕਰ ਦੇਣ ਵਾਲੀ ਘੋਸ਼ਣਾ, ਚੇਲਿਆਂ ਦੇ ਸਵਾਲਾਂ ਅਤੇ ਅੰਤ ਵਿਚ ਯਿਸੂ ਦੇ ਦੁਆਰਾ ਦਿੱਤੇ ਗਏ ਲੰਬੇ ਚੌੜੇ ਉੱਤਰ ਦੀ ਜਾਂਚ ਕਰਾਂਗੇ।

## ਹੈਕਲ ਤੋਂ ਰਵਾਨਗੀ (ਮੱਤੀ 24:1-14; ਮਰਕੁਸ 13:1-15; ਲੂਕਾ 21:5-19)

### ਇੱਕ ਹੈਰਾਨ ਕਰਨ ਵਾਲੀ ਘੋਸ਼ਣਾ

**(ਮੱਤੀ 24:1-3; ਮਰਕੁਸ 13:1-4; ਲੂਕਾ 21:5-7)**

ਯਿਸੂ ਦੇ "ਉਠਾਏ ਜਾਣ" ਦੇ ਵਿਸ਼ੇ ਤੇ ਉਪਦੇਸ਼ ਤੋਂ ਬਾਅਦ, ਉਹ "ਚਲਾ ਗਿਆ" (ਯੂਹੰਨਾ 12:36), "ਹੈਕਲੋਂ ਬਾਹਰ ਜਾ ਰਿਹਾ" (ਮਰਕੁਸ 13:1; ਵੇਖੋ ਮੱਤੀ 24:1)। ਮਸੀਹ ਦਾ ਹੈਕਲ ਵਿਚੋਂ ਚਲੇ ਜਾਣਾ ਮਹੱਤਵਪੂਰਣ ਸੀ। ਪਰਮੇਸ਼ੁਰ ਦਾ ਪਰਤਾਪ, ਅਰਥਾਤ, ਯਿਸੂ (ਵੇਖੋ 2:11; 8:54), ਦੁਬਾਰਾ ਕਦੀ ਵੀ ਵਾਪਸ ਨਾ ਆਉਣ ਦੇ ਲਈ, ਹੈਕਲ ਤੋਂ ਚਲਾ ਗਿਆ ਸੀ। (ਪਰਮੇਸ਼ੁਰ ਦੀ ਮਹਿਮਾ ਦੇ ਉੱਠ ਜਾਣ ਦੇ ਸੰਬੰਧ ਵਿਚ, 1 ਸਮੂਏਲ 4:21, 22 ਨਾਲ ਤੁਲਨਾ ਕਰੋ।) ਭਾਵੇਂ ਹੈਕਲ ਦੇ ਤਬਾਹ ਹੋਣ ਵਿਚ ਕਈ ਦਹਾਕੇ ਲੱਗ ਜਾਣੇ ਸਨ ਪਰ ਇਸ ਦੇ ਅੰਤ ਨੂੰ ਮੋਹਰਬੰਦ ਕਰ ਦਿੱਤਾ ਗਿਆ ਸੀ (ਵੇਖੋ ਮੱਤੀ 23:37, 38)।

ਜਿਵੇਂ ਹੀ ਯਿਸੂ ਹੈਕਲ ਵਿਚੋਂ ਬਾਹਰ ਨਿਕਲ ਗਿਆ, ਤਾਂ ਉਸ ਦੇ ਚੇਲੇ – ਉਹ ਸ਼ਹਿਰ ਵਿਚ ਬਾਹਰੋਂ ਆਏ ਸੈਨਾਨੀਆਂ ਦੇ ਵਾਂਗ – ਆਪਣੇ ਆਸ-ਪਾਸ ਦੀਆਂ ਇਮਾਰਤਾਂ ਦੀ ਸੁੰਦਤਰਾ ਅਤੇ ਸ਼ਾਨ ਦੇ ਵਿਸ਼ੇ ਵਿਚ ਟਿੱਪਣੀ ਕਰਨ ਦੇ ਲਈ ਰੁੱਕ ਗਏ। "ਉਹ ਦੇ ਚੇਲਿਆਂ ਵਿਚੋਂ ਇੱਕ ਨੇ ਉਹ ਨੂੰ ਆਖਿਆ, 'ਗੁਰੂ ਜੀ ਵੇਖੋ, ਏਹ ਕਿਹੇ ਜਿਹੇ ਪੱਥਰ ਅਤੇ ਕਿਹੀਆਂ ਇਮਾਰਤਾਂ ਹਨ!'" (ਮਰਕੁਸ 13:1)। ਹੋਰਨਾਂ ਨੇ ਦੱਸਿਆ "ਉਹ ਸੋਹਣੇ ਪੱਥਰਾਂ ਅਤੇ ਚੜ੍ਹਾਵਿਆਂ ਨਾਲ ਕਿਹੋ ਜਿਹੀ ਸੁਆਰੀ ਹੋਈ ਹੈ" (ਲੂਕਾ 21:5)। "ਚੜ੍ਹਾਵਿਆਂ" ਸ਼ਬਦ ਯੂਨਾਨੀ ਦੇ ਉਸ ਸ਼ਬਦ ਤੋਂ ਆਉਂਦਾ ਹੈ ਜੋ "ਵਾਹ" ਦੇ ਲਈ ਵਰਤਿਆ ਜਾਂਦਾ ਹੈ। "ਚੜ੍ਹਾਵਿਆਂ" ਸ਼ਬਦ ਉਨ੍ਹਾਂ ਤੋਹਫ਼ਿਆਂ ਨੂੰ ਦਰਸਾਉਂਦਾ ਹੈ ਜਿਹੜੇ ਸੁੱਖਣਾ ਦੀ ਪੂਰਤੀ ਦੇ ਵਿਚ ਦਿੱਤੇ ਜਾਂਦੇ ਹਨ। NIV ਵਿਚ ਹੈ "ਉਹ ਤੋਹਫ਼ੇ ਜੋ ਪਰਮੇਸ਼ੁਰ ਨੂੰ ਸਮਰਪਿਤ ਕੀਤੇ ਜਾਂਦੇ ਹਨ।"

ਹੈਕਲ ਦਾ ਅਹਾਤਾ ਇੱਕ ਸ਼ਾਨਦਾਰ ਭਵਨ *ਸੀ*, ਅਤੇ ਯਹੂਦੀਆਂ ਨੂੰ ਉਸ ਦੇ ਉੱਤੇ ਮਾਣ ਸੀ। ਇਹ ਅਥੈਨੇ ਦੇ ਆਕਰੋਪੋਲਿਸ ਤੋਂ ਦੁੱਗਣਾ ਸੀ। ਇਹ ਚਿੱਟੇ ਚੂਨਾ ਪੱਥਰ ਅਤੇ ਸੰਗਮਰਮਰ ਤੋਂ ਬਣਾਈ ਗਈ ਸੀ ਅਤੇ ਦੂਰੋਂ ਇੱਕ ਬਰਫ਼ ਨਾਲ ਢੱਕੇ ਪਹਾੜ ਦੇ ਵਾਂਗ ਵਿਖਾਈ ਦਿੰਦੀ ਸੀ। ਹੇਰੋਦੇਸ ਮਹਾਨ ਨੇ 20 ਈ.ਪੂ. ਵਿਚ ਹੈਕਲ ਦੀ ਮੁੜ-ਉਸਾਰੀ ਦਾ ਕੰਮ ਸ਼ੁਰੂ ਕੀਤਾ ਸੀ, ਅਤੇ ਜਦੋਂ ਯਿਸੂ ਉੱਥੇ ਗਿਆ ਸੀ ਉਸ ਸਮੇਂ ਵੀ ਉਸਾਰੀ ਦਾ ਕੰਮ ਚੱਲ ਰਿਹਾ ਸੀ (ਵੇਖੋ ਯੂਹੰਨਾ 2:20)। ਸ਼ਾਇਦ ਹਰ ਵਾਰ ਜਦੋਂ ਕੋਈ ਯਾਤਰੀ ਯਰੂਸ਼ਲਮ ਆਉਂਦਾ ਸੀ, ਤਾਂ ਕੁਝ ਨਵਾਂ ਅਤੇ ਸ਼ਾਨਦਾਰ ਬਣ ਚੁੱਕਾ ਹੁੰਦਾ ਸੀ। ਜੋਸੇਫੁਸ ਨੇ "ਚੜ੍ਹਾਵਿਆਂ" ਦੇ ਵਿਸ਼ੇ ਵਿਚ ਲਿਖਿਆ ਹੈ ਕਿ ਉਨ੍ਹਾਂ ਨੇ ਆਪ ਹੀ ਪਵਿੱਤਰ ਅਸਥਾਨ ਨੂੰ ਸਜਾਇਆ ਹੋਇਆ ਸੀ: ਕਢਾਈ ਵਾਲੇ ਪਰਦੇ, ਜੰਗਲੀ ਮੁਲਕਾਂ ਦੀ ਲੁੱਟ ਅਤੇ ਸੋਨੇ ਦੀ ਅੰਗੂਰੀ ਵੇਲ ਜਿਸ ਦੇ ਉੱਤੇ ਬਹੁਤ ਸਾਰੇ ਅੰਗੂਰਾਂ ਦੇ ਗੁੱਛੇ ਲੱਗੇ ਹੋਏ ਸਨ।[1] ਇਸ ਵਿਚ ਹੈਰਾਨੀ ਵਾਲੀ ਕੋਈ ਗੱਲ ਨਹੀਂ ਹੈ ਕਿ ਚੇਲੇ ਉਸ ਸਭ ਨੂੰ ਵੇਖ ਕੇ ਬਹੁਤ ਪ੍ਰਭਾਵਿਤ ਹੋ ਗਏ ਸਨ।

ਪਰ, ਯਿਸੂ ਦੇ ਉੱਤਰ ਨੇ ਉਨ੍ਹਾਂ ਦਾ ਉਤਸਾਹ ਚਕਨਾਚੂਰ ਕਰ ਦਿੱਤਾ ਸੀ: "ਭਈ ਏਹ ਚੀਜ਼ਾਂ ਜਿਹੜੀਆਂ ਤੁਸੀਂ ਵੇਖਦੇ ਹੋ ਓਹ ਦਿਨ ਆਉਣਗੇ ਜਿਨ੍ਹਾਂ ਵਿੱਚ ਐੱਥੇ ਪੱਥਰ ਉੱਤੇ ਪੱਥਰ ਨਾ ਛੱਡਿਆ ਜਾਵੇਗਾ ਜਿਹੜਾ ਡੇਗਿਆ ਨਾ ਜਾਵੇਗਾ" (ਲੂਕਾ 21:6)। ਮਸੀਹ ਨੇ ਪਹਿਲਾਂ ਯਰੂਸ਼ਲਮ ਅਤੇ ਹੈਕਲ ਦੇ ਤਬਾਹ ਹੋ ਜਾਣ ਦੀ ਗੱਲ ਕਹੀ ਸੀ (ਮੱਤੀ 22:7; 23:38; ਲੂਕਾ 13:35), ਪਰ ਉਨ੍ਹਾਂ ਦੀ ਗੱਲ ਅਕਸਰ ਸਾਫ-ਸਾਫ ਨਹੀਂ ਹੁੰਦੀ ਸੀ। ਪਰ, ਇਸ ਵਾਰ, ਉਸ ਦੇ ਸ਼ਬਦਾਂ ਨੂੰ ਸਮਝਣ ਵਿਚ ਗਲਤੀ ਕਰਨੀ ਆਸਾਨ ਨਹੀਂ ਹੋਵੇਗੀ।

ਪ੍ਰਭੂ ਨੇ ਕਿਹਾ, "ਐਥੇ ਪੱਥਰ ਉੱਤੇ ਪੱਥਰ ਛੱਡਿਆ ਨਾ ਜਾਵੇਗਾ ਜਿਹੜਾ ਡੇਗਿਆ ਨਾ ਜਾਏ" (ਮਰਕੁਸ 13:2; ਵੇਖੋ ਲੂਕਾ 19:44)। ਜੋਸੇਫੁਸ ਨੇ ਲਿਖਿਆ ਹੈ ਕਿ ਕੁਝ ਪੱਥਰ ਲਗਭਗ ਅਠੱਤੀ ਫੁੱਟ ਲੰਬੇ, ਬਾਰ੍ਹਾਂ ਫੁੱਟ ਉੱਚੇ, ਅਤੇ ਅਠਾਰਾਂ ਫੁੱਟ ਚੌੜੇ ਸਨ।[2] ਜਦੋਂ ਰਸੂਲਾਂ ਨੇ ਉਨ੍ਹਾਂ ਪੱਥਰਾਂ ਦੇ ਬੁਰਜਾਂ ਨੂੰ ਵੇਖਿਆ, ਤਾਂ ਉਨ੍ਹਾਂ ਦੇ ਲਈ ਇਹ ਸੰਭਾਵਨਾ ਬਹੁਤ ਹੀ ਅਚਰਜ ਦੀ ਗੱਲ ਸੀ, "ਇਨ੍ਹਾਂ ਵਿਚੋਂ ਕੋਈ ਵੀ ਪੱਥਰ ਦੂਸਰੇ ਦੇ ਉੱਤੇ ਨਹੀਂ ਛੱਡਿਆ ਜਾਵੇਗਾ? ਇਹ ਕਿਵੇਂ ਹੋ ਸਕਦਾ ਹੈ?" ਇਹ ਹੈਕਲ ਇਸਰਾਏਲ ਦੀ ਮਹਿਮਾ ਅਤੇ ਧਰਮ ਦੇ ਸੰਬੰਧ ਵਿਚ ਯਹੂਦੀਆਂ ਦੀਆਂ ਧਾਰਣਾਵਾਂ ਦਾ ਕੇਂਦਰ ਸੀ। ਇਸ ਦਾ ਨਾਸ ਅਸੰਭਵ ਸੀ।

ਯਿਸੂ ਦੇ ਚੇਲੇ ਹੈਕਲ ਦੇ ਵਿਚੋਂ ਨਿਕਲ ਕੇ, ਕਿਦਰੋਨ ਨਾਲੇ ਦੇ ਪਾਰ ਆਏ ਅਤੇ ਹੈਕਲ ਦੇ ਪੂਰਬ ਵੱਲ ਸਥਿਤ ਉੱਚੇ ਪਹਾੜ ਦੇ ਉੱਤੇ ਚੜ੍ਹ ਗਏ ਜਿਸ ਨੂੰ ਜ਼ੈਤੂਨ ਦਾ ਪਹਾੜ ਕਹਿੰਦੇ ਹਨ – ਸ਼ਾਇਦ ਉਹੀ ਸਥਾਨ ਜਿੱਥੇ ਉਨ੍ਹਾਂ ਨੇ ਕੁਝ ਰਾਤਾਂ ਗੁਜ਼ਾਰੀਆਂ ਸਨ (ਲੂਕਾ 21:37)। ਜਦੋਂ ਉਹ ਢਲਾਨ ਤੇ ਬੈਠੇ ਹੋਏ ਸਨ, ਤਾਂ ਹੈਕਲ ਅਤੇ ਸ਼ਹਿਰ "ਢਲਦੇ ਸੂਰਜ ਦੀਆਂ ਲੰਬੀਆਂ ਕਿਰਨਾਂ ਦੇ

ਨਾਲ, ਸਪੱਸ਼ਟ ਦਿਖਾਈ ਦੇ ਰਹੇ ਸਨ"[3] (ਵੇਖੋ ਮੱਤੀ 24:3)। ਜਦੋਂ ਉਨ੍ਹਾਂ ਨੇ ਹੇਠਾਂ ਹੈਕਲ ਵੱਲ ਵੇਖਿਆ (ਮਰਕੁਸ 13:3), ਤਾਂ ਚੇਲਿਆਂ ਦੇ ਦਿਲਾਂ ਵਿਚ ਪ੍ਰਚਲਿਤ ਪ੍ਰਸ਼ਨ ਬਾਹਰ ਆਉਣੇ ਸ਼ੁਰੂ ਹੋ ਗਏ। ਉਨ੍ਹਾਂ ਨੇ ਯਿਸੂ ਨੂੰ ਪੁੱਛਿਆ, "ਸਾਨੂੰ ਦੱਸ ਜੋ ਏਹ ਗੱਲਾਂ ਕਦ ਹੋਣਗੀਆਂ ਅਤੇ ਤੇਰੇ ਆਉਣ ਅਰ ਜੁਗ ਦੇ ਅੰਤ ਦਾ ਕੀ ਲੱਛਣ ਹੋਊ?" (ਮੱਤੀ 24:3; ਵੇਖੋ ਮਰਕੁਸ 13:3, 4; ਲੂਕਾ 21:7)।

ਜ਼ਰੂਰ ਚੇਲੇ ਇਹ ਸੋਚ ਰਹੇ ਸਨ ਕਿ ਉਹ ਇੱਕੋ ਘਟਨਾ – ਹੈਕਲ ਦੇ ਤਬਾਹ ਹੋਣ ਦੇ ਵਿਸ਼ੇ ਵਿਚ ਪੁੱਛ ਰਹੇ ਸਨ – ਪਰ ਅਸਲ ਵਿਚ ਉਹ ਬਹੁਤ ਸਾਰੇ ਵਿਸ਼ਿਆਂ ਦੇ ਬਾਰੇ ਪੁੱਛ ਰਹੇ ਸਨ। ਹੈਕਲ ਦੇ ਨਾਸ ਤੋਂ ਇਲਾਵਾ, ਉਨ੍ਹਾਂ ਨੇ ਮਸੀਹ ਦੀ "ਆਮਦ" ਅਤੇ "ਯੁੱਗ ਦੇ ਅੰਤ" ਦੇ ਵਿਸ਼ੇ ਵਿਚ ਵੀ ਪੁੱਛਿਆ ਸੀ। KJV ਵਿਚ "ਸੰਸਾਰ ਦਾ ਅੰਤ" ਹੈ ਪਰ ਜ਼ਿਆਦਾਤਰ ਅਨੁਵਾਦਕ ਇਸ ਗੱਲ ਦੇ ਨਾਲ ਸਹਿਮਤ ਹਨ ਕਿ "ਯੁੱਗ" ਬੇਹਤਰ ਅਨੁਵਾਦ ਹੈ। NKJV ਵਿਚ "ਯੁੱਗ" ਹੈ।

ਯੂਨਾਨੀ ਸ਼ਬਦ παρουσία (*ਪੈਰੋਸੀਆ*) ਜਿਸ ਦਾ ਅਨੁਵਾਦ "ਆਮਦ" ਹੈ। ਇੰਜੀਲ ਦੇ ਵਿਰਤਾਂਤਾਂ ਦੇ ਲੇਖਾਂ ਵਿਚ ਸਿਰਫ ਮੱਤੀ 24 ਅਧਿਆਇ ਹੀ ਹੈ, ਜਿੱਥੇ ਇਹ ਸ਼ਬਦ ਪਾਇਆ ਜਾਂਦਾ ਹੈ (ਆਇਤਾਂ 3, 27, 37, 39)। ਇਹ ਪੱਤ੍ਰੀਆਂ ਵਿਚ ਬਹੁਤ ਵਾਰ ਪਾਇਆ ਜਾਂਦਾ ਹੈ, ਜਿੱਥੇ ਇਹ ਮਸੀਹ ਦੀ ਦੂਸਰੀ ਆਮਦ ਦੇ ਬਾਰੇ ਦੱਸਦਾ ਹੈ (ਵੇਖੋ 1 ਕੁਰਿੰਥੀਆਂ 15:23; 1 ਥੱਸਲੁਨੀਕੀਆਂ 2:19; 3:13; 4:15; ਯਾਕੂਬ 5:7, 8)।

*ਪੈਰੋਸੀਆ* "ਰਾਜਾ ਦੀ ਆਮਦ ਦੇ ਲਈ ਯੂਨਾਨੀ ਭਾਸ਼ਾ ਦਾ ਇੱਕ ਤਕਨੀਕੀ ਸ਼ਬਦ ਹੈ।"[4] ਜਦੋਂ ਚੇਲਿਆਂ ਨੇ ਇਸ ਸ਼ਬਦ ਦਾ ਇਸਤੇਮਾਲ ਕੀਤਾ, ਤਾਂ ਉਨ੍ਹਾਂ ਦੇ ਦਿਮਾਗਾਂ ਵਿਚ ਇਹ ਗੱਲ ਸੀ ਕਿ ਯਿਸੂ ਨੇ ਆਪਣੇ ਰਾਜ ਦੀ ਸਥਾਪਨਾ ਕਰਨੀ ਸੀ, ਜਿਸ ਦੇ ਬਾਰੇ ਉਨ੍ਹਾਂ ਨੇ ਗਲਤ ਤਰੀਕੇ ਦੇ ਨਾਲ ਸੋਚਿਆ ਕਿ ਉਹ ਇੱਕ ਭੌਤਿਕ ਸਾਮਰਾਜ ਹੋਵੇਗਾ। ਯਿਸੂ ਨੇ ਪਹਿਲਾਂ ਤੋਂ ਆਪਣੀ ਦੂਸਰੀ ਆਮਦ ਦੀ ਭਵਿੱਖਵਾਣੀ ਕੀਤੀ ਸੀ (ਵੇਖੋ ਮੱਤੀ 16:27; ਲੂਕਾ 12:40)। ਪਰ, ਜੇਕਰ, ਚੇਲੇ ਇਸ ਗੱਲ ਨੂੰ ਨਹੀਂ ਸਮਝੇ ਸਨ ਕਿ ਉਸ ਨੇ ਮਰਨਾ ਸੀ ਅਤੇ ਫਿਰ ਤੋਂ ਜੀ ਉੱਠਣਾ ਸੀ, ਤਾਂ ਇਹ ਸੰਭਵ ਨਹੀਂ ਸੀ ਕਿ ਜਦੋਂ ਉਹ ਆਪਣੀ ਦੂਸਰੀ ਆਮਦ ਦੇ ਵਿਸ਼ੇ ਵਿਚ ਬੋਲ ਰਿਹਾ ਸੀ ਤਾਂ ਉਹ ਇਸ ਗੱਲ ਨੂੰ ਸਮਝ ਸਕਦੇ।

ਇਹ ਮੰਨਦੇ ਹੋਏ ਕਿ ਚੇਲਿਆਂ ਨੇ ਰਾਜ ਦੀ ਸਥਾਪਨਾ ਦਾ ਉਲੇਖ ਕੀਤਾ ਹੈ, "ਯੁੱਗ ਦੇ ਅੰਤ" ਦਾ ਭਾਵ (ਉਨ੍ਹਾਂ ਦੇ ਦਿਲਾਂ ਵਿਚ) ਮੌਜੂਦਾ ਰਾਜਨੀਤਿਕ ਪ੍ਰਣਾਲੀ – ਅਰਥਾਤ, ਰੋਮੀਆਂ ਦੇ ਘ੍ਰਿਣਾਯੋਗ ਸ਼ਾਸਨ ਦਾ ਅੰਤ ਹੋਵੇਗਾ। ਚੇਲਿਆਂ ਨੇ ਇਸ ਘਟਨਾ ਨੂੰ ਨਾਲ ਜੋੜਿਆ ਕਿਉਂਕਿ ਉਹ ਮਸੀਹ ਦੇ ਰਾਜ ਦੇ ਸ਼ੁਰੂ ਹੋਣ ਤੋਂ ਇਲਾਵਾ ਹੋਰ ਕਿਸੇ ਵੀ ਅਜਿਹੀ ਘਟਨਾ ਦੀ ਕਲਪਨਾ ਨਹੀਂ ਕਰ ਸਕਦੇ ਸਨ ਜੋ ਹੈਕਲ ਦੇ ਨਾਸ ਦੇ ਲਈ ਯੋਗ ਰੂਪ ਵਿਚ ਤਬਾਹੀ ਮਚਾਉਣ ਵਾਲੀ ਹੋਵੇ। ਜਦੋਂ ਅਸੀਂ ਯਿਸੂ ਦੇ ਉੱਤਰ ਦਾ ਅਧਿਐਨ ਕਰਦੇ ਹਾਂ, ਤਾਂ ਸਾਨੂੰ ਇਹ ਮਹਿਸੂਸ ਕਰਨ ਦੀ ਲੋੜ ਹੈ ਕਿ ਉਸ ਦਾ ਉੱਤਰ ਹੈਕਲ ਦੇ ਤਬਾਹ ਕੀਤੇ ਜਾਣ ਤੋਂ ਵੀ ਵੱਧ ਕੇ ਹੈ।

## ਗੰਭੀਰ ਵਿਵਾਦ

ਚੇਲਿਆਂ ਦੇ ਰਾਹੀਂ ਪੁੱਛੇ ਗਏ ਸਵਾਲਾਂ ਦਾ ਉੱਤਰ ਉਸ ਦੇ ਦਰਜ ਕੀਤੇ ਗਏ ਉਪਦੇਸ਼ਾਂ ਵਿਚੋਂ ਸਭ ਤੋਂ ਲੰਬਾ – ਅਤੇ ਸ਼ਾਇਦ ਸਭ ਤੋਂ ਵੱਧ ਵਿਵਾਦਮਈ ਹੈ: ਮੱਤੀ 24:4–25:46 (ਵੇਖੋ ਮਰਕੁਸ 13:5-37; ਲੂਕਾ 21:8-36)। ਬਹੁਤ ਸਾਰੇ ਪ੍ਰੀਮਿਲੇਨਿਅਲਿਸਟਾਂ (ਹਜ਼ਾਰ ਸਾਲ ਦੇ ਰਾਜ ਵਿਚ ਵਿਸ਼ਵਾਸ ਰੱਖਣ ਵਾਲੇ) ਨੇ ਮੱਤੀ 24 ਨੂੰ ਯਿਸੂ ਦੀ ਦੂਸਰੀ ਆਮਦ ਦੇ "ਨਿਸ਼ਾਨਾਂ" ਦੀ ਖੋਜ ਕਰਨ ਦੇ ਲਈ ਇਸਤੇਮਾਲ ਕੀਤਾ ਜਾਂਦਾ ਹੈ। ਇਸ ਤੱਥ ਦੇ ਬਾਵਜੂਦ ਕਿ ਯਿਸੂ ਨੇ ਕਿਹਾ ਸੀ ਕਿ ਇਸ ਗੱਲ ਨੂੰ ਕੋਈ ਨਹੀਂ ਜਾਣਦਾ ਕਿ ਉਹ ਕਦੋਂ ਆਵੇਗਾ (ਮੱਤੀ 24:36) – ਉਹ

"ਨਿਸ਼ਾਨਾਂ" ਦੇ ਰੂਪ ਵਿਚ ਅਜੋਕੇ ਅਕਾਲਾਂ ਅਤੇ ਯੁੱਧਾਂ ਵੱਲ ਇਸ਼ਾਰਾ ਕਰਦੇ ਹੋਏ ਪ੍ਰਸੰਨ ਹੁੰਦੇ ਹਨ ਕਿ ਯਿਸੂ ਦਾ ਆਉਣਾ ਬਹੁਤ ਹੀ ਨੇੜੇ ਹੈ।

ਹੋਰਨਾਂ ਦੇ ਦੁਆਰਾ ਮੱਤੀ 24 ਅਧਿਆਇ ਦਾ ਇਸਤੇਮਾਲ ਆਪਣੀਆਂ ਵਿਸ਼ੇਸ਼ ਰੂੜੀਵਾਦੀ ਸਿੱਖਿਆਵਾਂ ਨੂੰ ਵਧਾ ਸਕਣ ਦੇ ਲਈ ਵੀ ਕੀਤਾ ਜਾਂਦਾ ਹੈ। ਉਦਾਹਰਣ ਦੇ ਲਈ, ਇਹ ਉਨ੍ਹਾਂ ਲੋਕਾਂ ਦੇ ਦੁਆਰਾ ਇਸਤੇਮਾਲ ਕੀਤਾ ਜਾਂਦਾ ਹੈ ਜੋ ਇਹ ਮੰਨਦੇ ਹਨ ਕਿ ਯਿਸੂ ਦੀ "ਦੂਜੀ ਆਮਦ" 70 ਈ.ਵੀ. ਵਿਚ ਜਦੋਂ ਯਰੂਸ਼ਲਮ ਨੂੰ ਤਬਾਹ ਕੀਤਾ ਗਿਆ ਸੀ, ਹੋ ਗਈ ਹੈ। ਇਸ ਡਾਕਟ੍ਰਿਨ ਨੇ ਬਹੁਤ ਸਾਰੇ ਮਹਾਂਦੀਪਾਂ ਉੱਤੇ ਕਲੀਸੀਆਵਾਂ ਨੂੰ ਭਾਗਾਂ ਵਿਚ ਵੰਡ ਦਿੱਤਾ ਹੈ।

ਜਦੋਂ ਅਸੀਂ ਮੱਤੀ 24 ਅਤੇ ਇਸ ਨਾਲ ਸੰਬੰਧਤ ਕੁਝ ਹੋਰਨਾਂ ਹਵਾਲਿਆਂ ਦਾ ਅਧਿਐਨ ਕਰਦੇ ਹਾਂ, ਤਾਂ ਸਾਨੂੰ ਇਸ ਗੱਲ ਨੂੰ ਜ਼ਰੂਰ ਮੰਨਣਾ ਚਾਹੀਦਾ ਹੈ ਕਿ, ਭਾਵੇਂ ਅਸੀਂ ਕੋਈ ਵੀ ਦ੍ਰਿਸ਼ਟੀਕੋਣ ਅਪਨਾਈਏ, ਪਰ ਅਜਿਹੇ ਹਵਾਲੇ ਬਹੁਤ ਮੁਸ਼ਕਲ ਹੁੰਦੇ ਹਨ। ਇਸ ਦਾ ਇੱਕ ਕਾਰਨ ਇਹ ਹੈ ਕਿ ਯਿਸੂ ਨੇ "ਆਮ ਯਹੂਦੀ ਐਪੋਕਲਿਪਟਿਕ ਕਲਪਨਾ" ਦਾ ਇਸਤੇਮਾਲ ਕੀਤਾ ਹੈ।[5] ਐਪੋਕਲਿਪਟਿਕ ਸਾਹਿਤ ਆਪਣੇ ਸੰਦੇਸ਼ ਨੂੰ ਦਰਸਾਉਣ ਦੇ ਲਈ ਅਸਪੱਸ਼ਟ ਅਤੇ ਅਕਸਰ ਅਜੀਬ ਪ੍ਰਤੀਕਾਤਮਕਤਾ ਦਾ ਇਸਤੇਮਾਲ ਕਰਦਾ ਹੈ। ਯਹੂਦੀ ਐਪੋਕਲਿਪਟਿਕ ਭਾਸ਼ਾ ਤੋਂ ਜਾਣੂ ਸਨ। ਪਰਮੇਸ਼ੁਰ ਦੀ ਪ੍ਰੇਰਣਾ ਦੇ ਨਾਲ ਲਿਖੀਆਂ ਗਈਆਂ ਦਾਨੀਏਲ ਵਰਗੀਆਂ ਪੁਸਤਕਾਂ ਦੇ ਵਿਚ ਐਪੋਕਲਿਪਟਿਕ ਪ੍ਰਤੀਕਾਤਮਕਤਾ ਦੇ ਇਸਤੇਮਾਲ ਤੋਂ ਇਲਾਵਾ, ਨਵੇਂ ਨੇਮ ਦੇ ਅੰਤ ਅਤੇ ਯਿਸੂ ਦੇ ਜਨਮ ਵਿਚਕਾਰ ਪ੍ਰਚੂਰ ਮਾਤਰਾ ਦੇ ਵਿਚ ਪਰਮੇਸ਼ੁਰ ਦੀ ਪ੍ਰੇਰਣਾ ਤੋਂ ਰਹਿਤ ਬਹੁਤ ਸਾਰੇ ਐਪੋਕਲਿਪਟਿਕ ਗ੍ਰੰਥ ਪ੍ਰਚਲਿਤ ਸਨ। ਕਿਉਂਕਿ ਸਾਡੇ ਵਿਚੋਂ ਬਹੁਤ ਸਾਰੇ ਲੋਕ ਇਸ ਕਿਸਮ ਦੀ ਕਲਪਨਾ ਤੋਂ ਅਣਜਾਣ ਹਨ, ਇਸ ਸਾਡੇ ਲਈ ਐਪੋਕਲਿਪਟਿਕ ਸਾਹਿਤ ਦਾ ਅਰਥ ਸਮਝਣਾ ਅਕਸਰ ਮੁਸ਼ਕਲ ਹੁੰਦਾ ਹੈ।

ਜਿਵੇਂ ਕਿ ਪਹਿਲਾਂ ਤੋਂ ਹੀ ਨੋਟ ਕੀਤਾ ਗਿਆ ਹੈ, ਮੁਸ਼ਕਲ ਹੋਣ ਦਾ ਇੱਕ ਹੋਰ ਕਾਰਨ ਇਹ ਹੈ ਕਿ, ਪ੍ਰਭੂ ਨੇ ਸਿਰਫ ਇੱਕ ਪ੍ਰਸ਼ਨ ਦਾ ਉੱਤਰ ਨਹੀਂ ਦਿੱਤਾ ਹੈ, ਪਰ ਬਹੁਤ ਸਾਰੇ ਪ੍ਰਸ਼ਨਾਂ ਦਾ ਉੱਤਰ ਦਿੱਤਾ ਹੈ: ਯਰੂਸ਼ਲਮ ਦੇ ਨਾਸ *ਅਤੇ* ਉਸ ਦੀ ਦੂਸਰੀ ਆਮਦ ਦੇ ਵਿਸ਼ੇ ਵਿਚ ਪ੍ਰਸ਼ਨ। 70 ਈ.ਵੀ. ਵਿਚ ਕੀ ਹੋਵੇਗਾ ਅਤੇ ਯੁੱਗ ਦੇ ਅੰਤ ਵਿਚ ਕੀ ਹੋਵੇਗਾ ਇਸ ਦੇ ਵਿਸ਼ੇ ਵਿਚ ਉਸ ਦੇ ਕਥਨ ਆਪਸ ਵਿਚ ਵਿਲੀਨ ਅਤੇ ਮਿਲੇ ਹੋਏ ਦਿਖਾਈ ਦਿੰਦੇ ਹਨ। ਉਨ੍ਹਾਂ ਦੋਵਾਂ ਦੇ ਵਿਚਕਾਰ ਭੇਦ ਕਰਨਾ ਅਕਸਰ ਮੁਸ਼ਕਲ ਹੁੰਦਾ ਹੈ। ਇੱਕ ਅਕਸਰ ਵਰਤੀ ਜਾਣ ਵਾਲੀ ਸਮਾਨਤਾ ਪਹਾੜਾਂ ਦੀਆਂ ਦੋ ਚੋਟੀਆਂ ਹਨ – ਇੱਕ ਛੋਟੀ ਜਿਹੀ ਇੱਕ ਦਮ ਨੇੜੇ ਹੈ ਅਤੇ ਇੱਕ ਵੱਡੀ ਚੋਟੀ ਇਸ ਦੇ ਪਿੱਛੇ ਕੁਝ ਦੂਰੀ ਤੇ ਹੈ – ਜਿਨ੍ਹਾਂ ਦੇ ਬਿੰਦੂ ਇੱਕ ਸਧਾਰਣ ਬਿੰਦੂ ਤੇ ਧਰਤੀ ਉੱਤੇ ਮਿਲ ਜਾਂਦੇ ਹਨ। ਬਾਈਬਲ ਦੇ ਜ਼ਿਆਦਾਤਰ ਵਿਦਵਾਨ ਇਸ ਗੱਲ ਦੇ ਨਾਲ ਸਹਿਮਤ ਹਨ ਕਿ ਯਰੂਸ਼ਲਮ ਦੇ ਤਬਾਹ ਕੀਤੇ ਜਾਣ ਅਤੇ ਦੂਸਰੀ ਆਮਦ ਦੇ ਵਿਚ ਇੱਕ ਗਹਿਰਾ ਸੰਬੰਧ ਹੈ, ਭਾਵੇਂ ਦੋਵੇਂ ਘਟਨਾਵਾਂ ਵਿਚ ਹਜ਼ਾਰਾਂ ਸਾਲਾਂ ਦਾ ਫਰਕ ਹੈ: ਪਹਿਲਾ (ਯਰੂਸ਼ਲਮ ਦਾ ਨਾਸ) ਦੂਸਰੇ (ਦੂਸਰੀ ਆਮਦ) ਦੀ ਕਿਸਮ ਹੈ।

ਵਿਚਾਰਾਂ ਦੇ ਸਪੱਸ਼ਟ ਸੰਜਮ ਦੇ ਬਾਵਜੂਦ ਕੁਝ ਲੋਕ ਇਸ ਗੱਲ ਨਾਲ ਸਹਿਮਤ ਹੁੰਦੇ ਹਨ ਕਿ ਮੱਤੀ 24 ਅਧਿਆਇ ਦਾ ਪਹਿਲਾ ਹਿੱਸਾ ਯਰੂਸ਼ਲਮ ਦੇ ਨਾਸ ਤੇ ਅਤੇ ਬਾਅਦ ਵਾਲਾ ਭਾਗ ਦੂਸਰੀ ਆਮਦ ਉੱਤੇ ਜ਼ੋਰ ਦਿੰਦਾ ਹੈ।

ਅਧਿਆਇ ਦੇ ਪਹਿਲੇ ਭਾਗ ਵਿਚ, ਆਇਤਾਂ 19 ਅਤੇ 20 ਤੇ ਧਿਆਨ ਦਿਓ: "ਪਰ ਹਮਸੋਸ ਉਨ੍ਹਾਂ ਉੱਤੇ ਜਿਹੜੀਆਂ ਉਨ੍ਹੀਂ ਦਿਨੀਂ ਗਰਭਣੀਆਂ ਅਤੇ ਦੁੱਧ ਚੁੰਘਾਉਣ ਵਾਲੀਆਂ ਹੋਣ! ਪਰ ਤੁਸੀਂ ਪ੍ਰਾਰਥਨਾ ਕਰੋ ਜੋ ਤੁਹਾਡਾ ਭੱਜਣਾ ਸਿਆਲ ਵਿੱਚ ਯਾ ਸਬਤ ਦੇ ਦਿਨ ਨਾ ਹੋਵੇ।" ਕੀ

ਦੂਸਰੀ ਆਮਦ ਦੇ ਨਾਲ ਗਰਭਵਤੀ ਹੋਣ ਜਾਂ ਰੁੱਤ ਜਾਂ ਹਫਤੇ ਦੇ ਦਿਨ ਨਾਲ ਕੋਈ ਸੰਬੰਧ ਹੋਵੇਗਾ? ਨਹੀਂ। ਪਰ, ਇਹ ਕਾਰਕ, ਯਰੂਸ਼ਲਮ ਦੇ ਢਾਹੇ ਜਾਣ ਦੇ ਸੰਬੰਧ ਵਿਚ ਮਹੱਤਵਪੂਰਣ ਸਨ।

ਬਾਅਦ ਦੇ ਹਿੱਸੇ ਵਿਚ, ਆਇਤਾਂ 40 ਅਤੇ 41 ਤੇ ਧਿਆਨ ਦਿਓ: “ਤਦ ਦੋ ਜਣੇ ਖੇਤ ਵਿੱਚ ਹੋਣਗੇ, ਇੱਕ ਲੈ ਲਿਆ ਜਾਵੇਗਾ ਅਤੇ ਇੱਕ ਛੱਡਿਆ ਜਾਵੇਗਾ। ਦੋ ਤੀਵੀਆਂ ਚੱਕੀ ਪੀਂਹਦੀਆਂ ਹੋਣਗੀਆਂ, ਇੱਕ ਲੈ ਲਈ ਜਾਵੇਗੀ ਅਤੇ ਇੱਕ ਛੱਡੀ ਜਾਵੇਗੀ।” ਭਾਵੇਂ ਇਨ੍ਹਾਂ ਆਇਤਾਂ ਦਾ ਯਰੂਸ਼ਲਮ ਦੇ ਤਬਾਹ ਕੀਤੇ ਜਾਣ ਦੇ ਨਾਲ ਕੋਈ ਸੰਬੰਧ ਨਹੀਂ ਸੀ, ਪਰ ਉਹ ਦੂਸਰੀ ਆਮਦ ਦੇ ਨਾਲ ਸੰਬੰਧਤ ਹਨ।

ਮੱਤੀ 24:4-35 (ਜੋ ਯਰੂਸ਼ਲਮ ਦੇ ਢਾਹੇ ਜਾਣ ਤੇ ਕੇਂਦਰਿਤ ਹੈ) ਅਤੇ 24:36-41 (ਜੋ ਦੂਸਰੀ ਆਮਦ ਤੇ ਕੇਂਦਰਿਤ ਹੈ) ਬਹੁਤ ਸਾਰੀਆਂ ਤੁਲਨਾਵਾਂ ਕੀਤੀਆਂ ਜਾ ਸਕਦੀਆਂ ਹਨ:

| **ਯਰੂਸ਼ਲਮ ਦਾ ਨਾਸ ਮੱਤੀ 24:4-35** | **ਦੂਸਰੀ ਆਮਦ ਮੱਤੀ 24:36-41** |
|---|---|
| ਪਹਿਲਾਂ ਖਤਰਨਾਕ ਸਮਾਂ ਹੋਵੇਗਾ (ਆਇਤਾਂ 5-12)। | ਪਹਿਲਾਂ ਸਧਾਰਣ ਸਮਾਂ ਹੋਵੇਗਾ (ਜਿਵੇਂ ਨੂਹ ਦੇ ਦਿਨਾਂ ਵਿਚ ਸੀ; ਆਇਤਾਂ 37-39)। |
| ਇੱਕ ਖਾਸ ਨਿਸ਼ਾਨ ਹੋਵੇਗਾ ਜਿਸ ਨੂੰ ਈਸਾਈ ਸਮਝ ਸਕਦੇ ਹਨ (ਯਰੂਸ਼ਲਮ ਦਾ ਫੌਜਾਂ ਦੇ ਨਾਲ ਘੇਰਿਆ ਜਾਣਾ; ਆਇਤ 15; ਵੇਖੋ ਲੂਕਾ 21:20)। | ਚੇਤਾਵਨੀ ਦੇਣ ਦੇ ਲਈ ਕੋਈ ਨਿਸ਼ਾਨ ਨਹੀਂ ਹੋਵੇਗਾ; ਕੋਈ ਵੀ ਸਮੇਂ ਨੂੰ ਨਹੀਂ ਜਾਣ ਸਕਦਾ ਹੈ (ਆਇਤ 36); ਇਹ ਅਚਾਨਕ ਹੋਵੇਗਾ (ਆਇਤ 39); ਇਹ ਇੱਕ ਚੋਰ ਦੇ ਵਾਂਗ ਹੋਵੇਗਾ ਜੋ ਬਿਨਾਂ ਘੋਸ਼ਣਾ ਕੀਤੇ ਆਉਂਦਾ ਹੈ (ਆਇਤ 43)। |
| ਲੋਕ ਇਸ ਘਟਨਾ ਤੋਂ ਭੱਜ ਜਾਣ ਦੇ ਯੋਗ ਹੋਣਗੇ (ਆਇਤ 16)। | ਲੋਕ ਇਸ ਘਟਨਾ ਤੋਂ ਭੱਜਣ ਦੇ ਯੋਗ ਹੋਣਗੇ (ਇੱਕ ਲੈ ਲਿਆ ਜਾਵੇਗਾ, ਇੱਕ ਛੱਡ ਦਿੱਤਾ ਜਾਵੇਗਾ, ਆਇਤਾਂ 40, 41)। |

ਕੁਝ ਟੀਕਾਕਾਰ ਮੰਨਦੇ ਹਨ ਕਿ ਮੱਤੀ 24 ਅਧਿਆਇ ਦਾ ਪਹਿਲਾ ਭਾਗ ਯਰੂਸ਼ਲਮ ਦੀ ਤਬਾਹੀ ਤੇ ਕੇਂਦ੍ਰਿਤ ਹੈ ਅਤੇ ਅੰਤਿਮ ਆਇਤਾਂ ਖਾਸ ਤੌਰ ਤੇ ਦੂਸਰੀ ਆਮਦ ਤੇ ਕੇਂਦ੍ਰਿਤ ਹਨ, ਪਰ ਤਾਂ ਵੀ ਇਨ੍ਹਾਂ ਦੋਵਾਂ ਦੀ ਆਪਸ ਵਿਚ ਸਾਂਝ ਹੈ। ਇਸ ਲਈ, ਉਹ ਮਨਮਰਜ਼ੀ ਦੇ ਨਾਲ ਫੈਸਲਾ ਲੈਂਦੇ ਹਨ ਕਿ ਕਿਹੜੀਆਂ ਆਇਤਾਂ ਪਹਿਲੀ ਘਟਨਾ ਦੇ ਨਾਲ ਅਤੇ ਕਿਹੜੀਆਂ ਦੂਸਰੀ ਘਟਨਾ ਦੇ ਨਾਲ ਸੰਬੰਧਤ ਹਨ। ਮੱਤੀ 24 ਨਾਲ ਵਿਹਾਰ ਕਰਨ ਦਾ ਇਹ ਇੱਕ ਤਰੀਕਾ ਹੈ; ਪਰ ਇਸ ਗੱਲ ਨੂੰ ਸਮਝੋ ਕਿ ਜੇਕਰ ਤੁਸੀਂ ਆਇਤਾਂ ਨੂੰ ਮਨ ਮਰਜ਼ੀ ਦੇ ਨਾਲ ਲੈ ਸਕਦੇ ਹੋ, ਤਾਂ ਬਾਕੀ ਲੋਕ ਵੀ ਅਜਿਹਾ ਹੀ ਕਰਨਗੇ। ਇਹ ਪ੍ਰੀਮਿਲੇਨਿਅਵਾਦੀਆਂ ਨੂੰ ਇਹ ਫੈਸਲਾ ਲੈਣ ਦੀ ਇਜਾਜ਼ਤ ਦਿੰਦਾ ਹੈ ਕਿ ਮੱਤੀ 24 ਅਧਿਆਇ ਦਾ ਪਹਿਲਾਂ ਭਾਗ ਯਰੂਸ਼ਲਮ ਦੇ ਤਬਾਹ ਕੀਤੇ ਜਾਣ ਦੀ ਬਜਾਇ ਦੂਸਰੀ ਆਮਦ ਦੇ ਵਿਸ਼ੇ ਵਿਚ ਬੋਲ ਰਿਹਾ ਹੈ।

ਇਸ ਗੱਲ ਨੂੰ ਵੀ ਸਮਝ ਲਵੋ ਕਿ ਜੋ ਇਸ ਦ੍ਰਿਸ਼ਟੀਕੋਣ ਨੂੰ ਇਸਤੇਮਾਲ ਕਰਦਾ ਹੈ ਉਸ ਨੂੰ ਆਇਤ 34 ਨਾਲ ਵੀ ਨਜਿੱਠਣਾ ਪਵੇਗਾ, ਜਿੱਥੇ ਯਿਸੂ ਨੇ ਕਿਹਾ, “ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਜਦ ਤੀਕਰ ਏਹ ਸਭ ਗੱਲਾਂ ਨਾ ਹੋ ਲੈਣ ਇਹ ਪੀਹੜੀ ਬੀਤ ਨਾ ਜਾਵੇਗੀ।” ਆਇਤ 34 ਨੂੰ ਲੈਣ ਦਾ ਕੁਦਰਤੀ ਤਰੀਕਾ ਇਹ ਹੈ ਕਿ ਮਸੀਹ ਨੇ ਕਿਹਾ ਹੈ ਕਿ ਜੋ ਕੁਝ ਵੀ ਉਸ ਨੇ ਆਇਤ 4

ਤੋਂ 33 ਤਕ ਭਵਿੱਖਵਾਣੀ ਕੀਤੀ ਹੈ ਉਹ ਉਸ ਸਮੇਂ ਜੀ ਰਹੇ ਕੁਝ ਲੋਕਾਂ ਦੇ ਜੀਵਨ ਕਾਲ ਵਿਚ ਪੂਰਾ ਹੋ ਜਾਵੇਗਾ। ਯੂਨਾਨੀ ਸ਼ਬਦ (γενεά, *ਜੀਨਿਆ*) ਜਿਸ ਦਾ ਅਨੁਵਾਦ "ਪੀੜ੍ਹੀ" ਕੀਤਾ ਗਿਆ ਹੈ ਆਮ ਤੌਰ ਤੇ ਸਮੇਂ ਦੀ ਇੱਕ ਖਾਸ ਮਿਆਦ ਦੇ ਦੌਰਾਨ ਜੀ ਰਹੇ ਲੋਕਾਂ ਨੂੰ ਸੂਚਿਤ ਕਰਦਾ ਹੈ। ਯਿਸੂ ਦੇ ਦੁਆਰਾ ਮੱਤੀ 24:34 ਆਇਤ ਬੋਲਣ ਤੋਂ ਥੋੜ੍ਹਾ ਦੇਰ ਪਹਿਲਾਂ, ਉਸ ਨੇ ਇਹੀ ਸ਼ਬਦ ਇਸਤੇਮਾਲ ਕੀਤੇ ਸਨ ਕਿ ਉਸ ਦੇ ਸੁਣਨ ਵਾਲਿਆਂ ਤੇ ਇਹ ਚੀਜ਼ਾਂ ਆਉਣਗੀਆਂ (ਮੱਤੀ 23:36)।

ਉਹ ਜਿਹੜੇ ਮੱਤੀ 24:24-33 ਦੇ ਸਾਰੇ ਹਿੱਸੇ ਜਾਂ ਕੁਝ ਹਿੱਸੇ ਨੂੰ ਦੂਸਰੀ ਆਮਦ ਨੂੰ ਦਰਸਾਉਣ ਵਾਲੇ ਬਣਾਉਣਾ ਚਾਹੁੰਦੇ ਹਨ ਉਹ ਆਇਤ 34 ਦੇ ਨਾਲ ਸੰਘਰਸ਼ ਕਰਦੇ ਹਨ। ਉਨ੍ਹਾਂ ਵਿਚੋਂ ਬਹੁਤ ਸਾਰੇ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਇਸ ਹਵਾਲੇ ਵਿਚਲੇ ਸ਼ਬਦ "ਪੀੜ੍ਹੀ" ਦਾ ਅਰਥ "ਵੰਸ਼" ਹੋਣਾ ਚਾਹੀਦਾ ਹੈ, ਅਰਥਾਤ, ਯਹੂਦੀ ਜਾਤੀ। ਆਰ. ਟੀ. ਫਰਾਂਸ ਨੇ ਟਿੱਪਣੀ ਕੀਤੀ ਹੈ ਕਿ ਜੇਕਰ ਹਵਾਲਾ ਵਿਆਖਿਆ ਕਰਨ ਵਾਲਿਆਂ ਦੇ ਲਈ ਇੱਕ ਪਰੇਸ਼ਾਨੀ ਨਹੀਂ ਸੀ, ਤਾਂ "ਨਾਂਵ ਦੇ ਲਈ ਅਜਿਹੇ ਅਸੰਗਤ ਅਰਥ ਦਿੱਤੇ ਜਾਣਾ ਅਸੰਭਵ ਹੈ"।[6] ਜੈੱਕ. ਪੀ. ਲੂਇਸ ਨੇ ਲਿਖਿਆ:

> ਪੀੜ੍ਹੀ ਦਾ ਅਰਥ (*ਜੀਨਿਆ*) ਪੂਰੇ ਅਧਿਆਇ ਦੀ ਵਿਆਖਿਆ ਦੇ ਲਈ ਮਹੱਤਵਪੂਰਣ ਹੈ। ਜੀਰੋਮ ਤੋਂ ਬਾਅਦ, ਸਕੋਫੀਲਡ ਨੇ, ਤਰਕ ਦਿੱਤਾ ਕਿ ਇਸ ਦਾ ਅਰਥ ਯਹੂਦੀ ਵੰਸ਼ ਹੈ, ਨਵੇਂ ਨੇਮ ਵਿਚ ਇਹੋ ਹੀ ਇੱਕ ਸੰਭਵ ਮਾਮਲਾ ਹੈ (ਲੂਕਾ 16:8) ਜਿੱਥੇ ਲੈਕਸੀਕਾਨ ਨੇ ਸੁਝਾਅ ਦਿੱਤਾ ਹੈ ਕਿ *ਜੀਨਿਆ* ਦਾ ਅਰਥ ਵੰਸ਼ ਹੈ। *ਜੀਨੋਸ* (ਵੰਸ਼) ਅਤੇ *ਜੀਨਿਆ* (ਪੀੜ੍ਹੀ) ਦੇ ਵਿਚਕਾਰ ਇੱਕ ਅੰਤਰ ਹੈ। ਕਈਆਂ ਨੇ ਦਲੀਲ ਦਿੱਤੀ ਹੈ ਕਿ *ਜੀਨਿਆ* ਦਾ ਅਰਥ ਹੈ ਅੰਤਿਮ ਪੀੜ੍ਹੀ; ਅਰਥਾਤ, ਇੱਕ ਵਾਰ ਸੰਕੇਤ ਸ਼ੁਰੂ ਹੋ ਗਏ ਹਨ, ਇਹ ਸਾਰੀਆਂ ਘਟਨਾਵਾਂ ਇੱਕ ਪੀੜ੍ਹੀ ਵਿਚ ਪ੍ਰਚਲਿਤ ਹੋ ਜਾਣਗੀਆਂ (ਤੁਲਨਾ ਕਰੋ 23:36)। ਪਰ ਮੱਤੀ ਵਿਚ ਕਿਤੇ ਹੋਰ, *ਜੀਨਿਆ* ਦਾ ਅਰਥ ਹੈ ਇੱਕ ਸਮੇਂ ਵਿਚ ਅਤੇ ਆਮ ਤੌਰ ਤੇ ਯਿਸੂ ਦੇ ਸਮੇਂ ਵਿਚ ਜੀ ਰਹੇ ਲੋਕ (1:17; 11:16; 12:39, 41, 45; 23:36; ਮਰਕੁਸ 8:38; ਲੂਕਾ 11:50; 17:25), ਅਤੇ ਬੇਸ਼ੱਕ ਇੱਥੇ ਵੀ ਇਹੋ ਹੀ ਅਰਥ ਹੈ।[7]

ਇਸ ਅਧਿਐਨ ਵਿਚ, ਮੱਤੀ 24:34 ਦਾ ਅਰਥ ਇਹ ਮੰਨਿਆ ਜਾਵੇਗਾ ਕਿ ਪਹਿਲੀਆਂ ਆਇਤਾਂ ਵਿਚ ਹੋਣ ਵਾਲੀਆਂ ਘਟਨਾਵਾਂ ਉਸ ਪੀੜ੍ਹੀ ਦੇ ਲੋਕਾਂ ਦੇ ਨਾਲ ਵਾਪਰਨੀਆਂ ਸਨ ਜੋ ਉਸ ਸਮੇਂ ਵਿਚ ਜੀ ਰਹੇ ਸਨ ਜਦੋਂ ਯਿਸੂ ਨੇ ਇਹ ਸ਼ਬਦ ਕਹੇ ਸਨ। ਇਸ ਨਿਯਮ ਦਾ ਸੰਭਵ ਅਪਵਾਦ ਆਇਤ 27 ਹੈ, ਜਿਸ ਵਿਚ ਲੱਗ ਰਿਹਾ ਹੈ ਕਿ ਯਿਸੂ ਆਪਣੀ ਦੂਸਰੀ ਆਮਦ ਦੇ ਵਿਸ਼ੇ ਵਿਚ ਕਹਿ ਰਿਹਾ ਹੈ। ਇਸ ਦ੍ਰਿਸ਼ਟੀਕੋਣ ਨਾਲ ਪੈਦਾ ਹੋਣ ਵਾਲੀਆਂ ਮੁਸ਼ਕਲਾਂ ਦੇ ਨਾਲ ਉਸ ਸਮੇਂ ਨਿਪਟਿਆ ਜਾਵੇਗਾ ਜਦੋਂ ਉਹ ਮੂਲ ਲਿਖਤ ਵਿਚ ਆਉਣਗੀਆਂ।

## ਯਰੂਸ਼ਲਮ ਦੀ ਬਰਬਾਦੀ
## (ਮੱਤੀ 24:4-35; ਮਰਕੁਸ 13:5-31; ਲੂਕਾ 21:8-36)

### ਅਨੇਕ "ਗੈਰ-ਸੰਕੇਤ"
### (ਮੱਤੀ 24:4-14; ਮਰਕੁਸ 13:5-15; ਲੂਕਾ 21:8-19)

ਮਸੀਹ ਨੇ ਬਹੁਤ ਸਾਰੇ "ਗੈਰ-ਸੰਕੇਤਾਂ" ਦੇ ਨਾਲ ਆਪਣੇ ਉਪਦੇਸ਼ ਦੀ ਸ਼ੁਰੂਆਤ ਕੀਤੀ।

ਯਰੂਸ਼ਲਮ ਦੀ ਬਰਬਾਦੀ ਯਹੂਦੀਆਂ ਦੇ ਲਈ ਇੱਕ ਇੰਨੀ ਭਿਆਨਕ ਘਟਨਾ ਹੋਵੇਗੀ ਕਿ ਜੋ ਲੋਕ ਯਿਸੂ ਦੀ ਭਵਿੱਖਵਾਣੀ ਦੇ ਪੂਰੇ ਹੋਣ ਦੀ ਉਡੀਕ ਵਿਚ ਹਨ ਉਹ ਸੋਚ ਸਕਦੇ ਹਨ ਕਿ ਕੁਝ ਵੀ ਅਤੇ ਸਭ ਕੁਝ ਇੱਕ ਚਿੰਨ੍ਹ ਸੀ ਕਿ ਇਹ ਹੋਣ ਵਾਲਾ ਹੈ। ਇਸ ਦ੍ਰਿਸ਼ਟਾਂਤ ਤੇ ਗੌਰ ਕਰੋ: ਜੇਕਰ ਇੱਕ ਆਦਮੀ ਨੇ ਭਵਿੱਖਵਾਣੀ ਕੀਤੀ ਹੈ ਕਿ ਦੂਸਰੇ ਆਦਮੀ ਦਾ ਘਰ ਨਾਸ ਹੋ ਜਾਵੇਗਾ – ਅਤੇ ਉਸ ਨੇ ਉਸ ਤੇ ਵਿਸ਼ਵਾਸ ਕੀਤਾ ਹੈ – ਤਾਂ ਉਹ ਹਰ ਤੂਫਾਨ ਤੋਂ ਪਰੇਸ਼ਾਨ ਹੋ ਜਾਵੇਗਾ। ਮਸੀਹ ਨਹੀਂ ਚਾਹੁੰਦਾ ਸੀ ਕਿ ਉਸ ਦੇ ਪਿੱਛੇ ਚੱਲਣ ਵਾਲੇ ਗੁਮਰਾਹ ਕੀਤੇ ਜਾਣ (ਮੱਤੀ 24:4; ਮਰਕੁਸ 13:5; ਲੂਕਾ 21:8), ਇਸ ਲਈ ਉਸ ਨੇ ਸਭ ਤੋਂ ਪਹਿਲਾਂ ਉਨ੍ਹਾਂ ਨੂੰ *ਭੁਲਾਵੇ ਵਿਚ ਪਾ ਦੇਣ ਵਾਲੇ ਚਿੰਨ੍ਹ ਦਿੱਤੇ*।

*ਝੂਠੇ ਮਸੀਹ।* ਉਸ ਨੇ ਕਿਹਾ ਕਿ ਝੂਠੇ ਮਸੀਹ ਉੱਠ ਖੜੇ ਹੋਣਗੇ (ਮੱਤੀ 24:5, 24; ਮਰਕੁਸ 13:6, 22; ਲੂਕਾ 21:8)। ਉਸ ਨੇ ਚੁਨੌਤੀ ਦਿੱਤੀ, "ਉਨ੍ਹਾਂ ਦੇ ਮਗਰ ਨਾ ਲੱਗਣਾ" (ਲੂਕਾ 21:8)। ਉਨ੍ਹਾਂ ਦਿਨਾਂ ਵਿਚ ਸ਼ਾਨਦਾਰ ਦਾਅਵੇ ਕਰਕੇ ਲੋਕਾਂ ਨੂੰ ਮਗਰ ਲਾ ਸਕਣਾ ਆਮ ਗੱਲ ਨਹੀਂ ਸੀ (ਵੇਖੋ ਰਸੂਲਾਂ ਦੇ ਕਰਤੱਬ 5:34-39; 21:38)। ਜੋਸੇਫੁਸ ਨੇ ਉਸ ਸਮੇਂ ਦੇ ਕਈ ਆਗੂਆਂ ਦੇ ਵਿਸ਼ੇ ਵਿਚ ਦੱਸਿਆ ਜੋ ਉੱਠੇ ਅਤੇ ਉਨ੍ਹਾਂ ਨੇ ਆਪਣੇ ਪਿੱਛੇ ਕੁਝ ਲੋਕਾਂ ਨੂੰ ਲਾ ਲਿਆ।[8]

*ਲੜਾਈਆਂ ਅਤੇ ਲੜਾਈਆਂ ਦੀਆਂ ਅਵਾਈਆਂ।* ਯੁੱਧ ਅਤੇ ਹੋਰਨਾਂ ਗੜਬੜੀਆਂ ਦੇ ਵਿਸ਼ੇ ਵਿਚ ਅਫ਼ਵਾਹਾਂ ਚੇਲਿਆਂ ਨੂੰ ਗੜਬੜੀ ਦੇ ਵਿਚ ਪਾਉਂਦੀਆਂ ਹਨ (ਮੱਤੀ 24:6; ਮਰਕੁਸ 13:7; ਲੂਕਾ 21:9)। ਪ੍ਰਭੂ ਨੇ ਜ਼ੋਰ ਦਿੱਤਾ, "ਕਿਉਂ ਜੋ ਏਹ ਗੱਲਾਂ ਤਾਂ ਹੋਣੀਆਂ ਹੀ ਹਨ ਪਰ ਅਜੇ ਅੰਤ [ਯਰੂਸ਼ਲਮ ਅਤੇ ਹੈਕਲ ਦਾ] ਨਹੀਂ" (ਮੱਤੀ 24:6; ਵੇਖੋ ਮਰਕੁਸ 13:7; ਲੂਕਾ 21:9)। ਇਹ ਸ਼ਬਦ ਉਸ ਸਮੇਂ ਬੋਲੇ ਗਏ ਸਨ ਜਦੋਂ ਰੋਮੀ ਸਾਮਰਾਜ ਸ਼ਾਂਤੀ ਵਿਚ ਸੀ, ਪਰ, ਇਤਹਾਸਕਾਰਾਂ ਦੇ ਅਨੁਸਾਰ, ਜਲਦੀ ਹੀ ਯੁੱਧ ਦੁਬਾਰਾ ਸ਼ੁਰੂ ਹੋ ਗਿਆ ਸੀ।

*ਕੁਦਰਤੀ ਆਫਤਾਂ।* ਯਿਸੂ ਨੇ ਇਹ ਵੀ ਨੋਟ ਕੀਤਾ ਕਿ ਜਿਵੇਂ ਹਮੇਸ਼ਾ ਹੁੰਦਾ ਹੈ, ਉੱਥੇ ਕੁਦਰਤੀ ਆਫਤਾਂ ਜਿਵੇਂ ਅਕਾਲ, ਮਹਾਂਮਾਰੀ ਅਤੇ ਭੁਚਾਲ ਹੋਣਗੇ (ਮੱਤੀ 24:7; ਮਰਕੁਸ 13:8)। ਲੂਕਾ ਦੇ ਵਰਣਨ ਵਿਚ "ਸਵਰਗ ਦੇ ਮਹਾਨ ਚਿੰਨ੍ਹ ਅਤੇ ਸੰਕੇਤ" ਸ਼ਾਮਲ ਹਨ (ਲੂਕਾ 21:11); ਇਨ੍ਹਾਂ ਸ਼ਬਦਾਂ ਵਿਚ ਸਿਰਫ ਵਿਸ਼ੇਸ਼ ਰੂਪ ਵਿਚ ਵਰਣਨ ਕੀਤੀਆਂ ਹੋਈਆਂ ਆਫਤਾਂ ਹੀ ਨਹੀਂ ਸਗੋਂ ਕੋਈ ਵੀ ਕੁਦਰਤੀ ਆਫਤ ਸ਼ਾਮਲ ਹੋ ਸਕਦੀ ਹੈ – ਜਿਵੇਂ ਕਿ ਤੂਫਾਨ, ਗੜ੍ਹੇ ਅਤੇ ਹੜ੍ਹ। ਯਿਸੂ ਨੇ ਇਨ੍ਹਾਂ ਨੂੰ "ਪਰ ਇਹ ਸਭ ਕੁਝ ਪੀੜਾਂ ਦਾ ਅਰੰਭ ਹੈ" ਕਿਹਾ ਹੈ (ਮੱਤੀ 24:8; ਵੇਖੋ ਮਰਕੁਸ 13:8)। ਸ਼ਬਦ "ਅਰੰਭ" ਆਇਤ 6 ਅਤੇ 14 ਦੇ ਸ਼ਬਦ "ਅੰਤ" ਦੇ ਉਲਟ ਹੈ। ਹੋਰਨਾਂ ਸ਼ਬਦਾਂ ਵਿਚ, ਇਹ ਕੁਦਰਤੀ ਆਫਤਾਂ "ਅੰਤ ਦੇ ਨਿਸ਼ਾਨ" *ਨਹੀਂ* ਹੋਣਗੇ।

*ਕਲੀਸੀਆ ਦੇ ਨਾਲ ਸੰਬੰਧਤ ਸੰਕਟ।* ਯਿਸੂ ਦੇ ਚੇਲਿਆਂ ਨੂੰ ਸਤਾਏ ਜਾਣ ਦੇ ਵਿਸ਼ੇ ਵਿਚ ਚੇਤਾਵਨੀ ਦਿੱਤੀ ਗਈ ਸੀ (ਮੱਤੀ 24:9; ਮਰਕੁਸ 13:9, 13; ਲੂਕਾ 21:12, 16, 17)। ਰਸੂਲਾਂ ਦੇ ਕਰਤੱਬ ਅਤੇ ਨਵੇਂ ਨੇਮ ਦੀਆਂ ਹੋਰ ਪੁਸਤਕਾਂ ਯਹੂਦੀਆਂ ਅਤੇ ਹੋਰਨਾਂ ਲੋਕਾਂ ਦੇ ਰਾਹੀਂ ਕਲੀਸੀਆ ਤੇ ਆਉਣ ਵਾਲੇ ਸਤਾਅ ਦੇ ਵਿਸ਼ੇ ਵਿਚ ਦੱਸਦੀਆਂ ਹਨ। ਪਰ, ਪ੍ਰਭੂ ਨੇ ਆਪਣੇ ਚੇਲਿਆਂ ਦੇ ਨਾਲ ਵਾਇਦਾ ਕੀਤਾ ਹੈ ਕਿ ਉਹ ਉਨ੍ਹਾਂ ਦੇ ਨਾਲ ਹੋਵੇਗਾ (ਲੂਕਾ 21:18)। ਧਿਆਨ ਦਿਓ ਕਿ ਭਾਵੇਂ ਯਿਸੂ ਨੇ ਪਹਿਲਾਂ ਤੋਂ ਹੀ ਕਹਿ ਦਿੱਤਾ ਸੀ ਕਿ ਉਨ੍ਹਾਂ ਵਿਚੋਂ ਕੁਝ ਨੂੰ ਮਾਰ ਦਿੱਤਾ ਜਾਵੇਗਾ (ਲੂਕਾ 21:16), ਇਸ ਵਾਇਦੇ ਦਾ ਕਿ "ਪਰ ਤੁਹਾਡੇ ਸਿਰ ਦਾ ਇੱਕ ਵਾਲ ਵੀ ਵਿੰਗਾ ਨਾ ਹੋਵੇਗਾ" (ਲੂਕਾ 21:18) ਅਰਥ ਇਹ ਹੋਵੇਗਾ, ਕਿ ਭਾਵੇਂ ਉਹ ਮਰ ਵੀ ਜਾਣ, ਉਹ ਨਾਸ ਨਹੀਂ ਹੋਣਗੇ। ਪ੍ਰਭੂ ਨੇ ਆਪਣੇ ਜੀ ਉੱਠਣ ਦੇ ਦੁਆਰਾ ਅੰਤਿਮ ਜਿੱਤ ਦਾ ਵਾਇਦਾ ਕੀਤਾ ਸੀ।

ਯਿਸੂ ਨੇ ਉਨ੍ਹਾਂ ਨੂੰ ਇਹ ਵੀ ਕਿਹਾ ਕਿ ਉਹ ਸਤਾਏ ਜਾਣ ਨੂੰ ਆਪਣੇ ਵਿਸ਼ਵਾਸ ਦੀ ਗਵਾਹੀ

ਦੇਣ ਦਾ ਇੱਕ ਮੌਕਾ ਸਮਝਣ (ਮਰਕੁਸ 13:9, 11; ਲੂਕਾ 21:12-15)। ਅਸੀਂ ਜਾਣਦੇ ਹਾਂ ਕਿ ਪੌਲੁਸ ਨੂੰ ਰਾਜਿਆਂ ਅਤੇ ਹਾਕਮਾਂ ਦੇ ਸਾਹਮਣੇ ਖੜ੍ਹਾ ਕੀਤਾ ਗਿਆ ਸੀ (ਵੇਖੋ ਰਸੂਲਾਂ ਦੇ ਕਰਤੱਬ 26), ਯਿਸੂ ਦੀ ਭਵਿੱਖਵਾਣੀ ਦੇ ਅਨੁਸਾਰ; ਸ਼ਾਇਦ ਹੋਰਨਾਂ ਰਸੂਲਾਂ ਨੇ ਵੀ ਅਜਿਹਾ ਹੀ ਕੀਤਾ ਸੀ। ਧਿਆਨ ਦਿਓ ਕਿ ਪਵਿੱਤਰ ਆਤਮਾ ਦੀ ਪ੍ਰੇਰਣਾ ਦੇ ਨਾਲ ਬਚਾਅ ਦੇ ਵਾਇਦੇ (ਮਰਕੁਸ 13:11; ਲੂਕਾ 21:14, 15) ਰਸੂਲਾਂ ਨਾਲ ਕੀਤੇ ਗਏ ਸਨ ਨਾ ਕਿ ਸਾਡੇ ਨਾਲ। ਇਸ ਤੋਂ ਪਹਿਲਾਂ ਕਿ ਅਸੀਂ ਦੂਜਿਆਂ ਨੂੰ ਸਿਖਾਈਏ, ਸਾਨੂੰ ਖੁਦ ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰਨਾ ਚਾਹੀਦਾ ਹੈ।

ਇੱਕ ਹੋਰ ਮੁਸ਼ਕਲ ਉਹ ਝੂਠੇ ਨਬੀ (ਸਿੱਖਿਅਕ) ਹੋਣਗੇ ਜੋ ਬਹੁਤਿਆਂ ਨੂੰ ਧੋਖਾ ਦੇਣਗੇ (ਮੱਤੀ 24:11, 24; ਮਰਕੁਸ 13:22)। ਇਸ ਭਵਿੱਖਵਾਣੀ ਦੀ ਪੂਰਤੀ ਪਹਿਲੀ ਸਦੀ ਵਿਚ ਸ਼ੁਰੂ ਹੋ ਗਈ ਸੀ (ਵੇਖੋ 2 ਪਤਰਸ 2:1; 1 ਯੂਹੰਨਾ 4:1)।

ਅੱਤਿਆਚਾਰ ਅਤੇ ਧੋਖੇ ਦੇ ਕਾਰਨ, ਕੁਝ ਮਸੀਹੀ ਡਿੱਗ ਪੈਣਗੇ। ਕੁਝ ਲੋਕ ਆਪਣੇ ਸੰਗੀ ਮਸੀਹੀਆਂ ਨੂੰ, ਇੱਥੋਂ ਤਕ ਕਿ ਪਰਿਵਾਰ ਦੇ ਮੈਂਬਰਾਂ ਨੂੰ ਵੀ ਧੋਖਾ ਦੇਣਗੇ (ਮੱਤੀ 24:10, 12; ਮਰਕੁਸ 13:12; ਲੂਕਾ 21:16)। ਯਿਸੂ ਦੇ ਚੇਹਰੇ ਦੀ ਗੰਭੀਰਤਾ ਦੀ ਕਲਪਨਾ ਕਰੋ ਜਦੋਂ ਉਸ ਨੇ ਕਿਹਾ, "ਪਰ ਜਿਹੜਾ ਅੰਤ ਤੋੜੀ ਸਹੇਗਾ ਸੋਈ ਬਚਾਇਆ ਜਾਵੇਗਾ" (ਮੱਤੀ 24:13; ਮਰਕੁਸ 13:13; ਵੇਖੋ ਲੂਕਾ 21:19)। ਉਹ ਉਨ੍ਹਾਂ ਦੇ ਲਈ – ਅਤੇ ਸਾਡੇ ਲਈ – ਵਿਸ਼ਵਾਸਯੋਗ ਰਹਿਣ ਦੀ ਕਿੰਨੀ ਇੱਛਾ ਰੱਖਦਾ ਹੈ।

*ਇੰਜੀਲ ਦਾ ਪ੍ਰਚਾਰ*। ਯਿਸੂ ਨੇ ਇਹ ਕਹਿੰਦੇ ਹੋਏ "ਗੈਰ-ਸੰਕੇਤਾਂ" ਦੀ ਸੂਚੀ ਨੂੰ ਸਮੇਟਿਆ, "ਅਤੇ ਰਾਜ ਦੀ ਇਸ ਖ਼ੁਸ਼ਖ਼ਬਰੀ ਦਾ ਪਰਚਾਰ ਸਾਰੀ ਦੁਨੀਆ ਵਿੱਚ ਕੀਤਾ ਜਾਵੇਗਾ ਜੋ ਸਭ ਕੌਮਾਂ ਉੱਤੇ ਸਾਖੀ ਹੋਵੇ ਤਦ [ਯਰੂਸ਼ਲਮ ਅਤੇ ਹੈਕਲ ਦਾ] ਅੰਤ ਆਵੇਗਾ" (ਮੱਤੀ 24:14; ਵੇਖੋ ਮਰਕੁਸ 13:10)। ਕੁਝ ਹਫਤੇ ਬਾਅਦ, ਉਸ ਦੇ ਸਵਰਗ ਜਾਣ ਤੋਂ ਥੋੜੀ ਦੇਰ ਪਹਿਲਾਂ, ਪ੍ਰਭੂ ਨੇ ਰਸੂਲਾਂ ਨੂੰ ਮਹਾਨ ਆਗਿਆ ਦਿੱਤੀ ਕਿ "ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ ਖਬਰੀ ਦਾ ਪਰਚਾਰ ਕਰੋ" (ਮਰਕੁਸ 16:15), ਅਤੇ "ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ" (ਮਰਕੁਸ 28:19)। ਰਸੂਲਾਂ ਦੇ ਕਰਤੱਬ ਸਾਨੂੰ ਉਹ ਕਹਾਣੀ ਦੱਸਦੀ ਹੈ ਕਿ ਕਿਵੇਂ ਮਸੀਹ ਦੇ ਚੇਲਿਆਂ ਨੇ ਇੰਜੀਲ ਨੂੰ "ਧਰਤੀ ਦੇ ਬੰਨੇ ਤੀਕੁਰ" (ਰਸੂਲਾਂ ਦੇ ਕਰਤੱਬ 1:8) ਲੈ ਜਾਣ ਦੇ ਕੰਮ ਨੂੰ ਚੁੱਕਿਆ। ਪਰ, ਇਹ ਸਭ ਕੁਝ ਸਮਾਂ ਲਵੇਗਾ। ਇਸ ਲਈ ਪ੍ਰਭੂ ਨੇ ਜ਼ੋਰ ਦਿੱਤਾ ਕਿ ਹੈਕਲ ਦਾ "ਨਾਸ" ਭਵਿੱਖ ਵਿਚ ਆਉਣ ਵਾਲੇ ਸਾਲਾਂ ਦੇ ਵਿਚ ਹੋਣਾ ਸੀ।

ਲਗਭਗ 63 ਈਸਵੀ, ਯਰੂਸ਼ਲਮ ਦੇ ਤਬਾਹ ਕੀਤੇ ਜਾਣ ਤੋਂ ਸੱਤ ਸਾਲ ਪਹਿਲਾਂ, ਪੌਲੁਸ ਇਹ ਲਿਖਣ ਦੇ ਯੋਗ ਸੀ ਕਿ ਇੰਜੀਲ "ਜਿਹ ਦਾ ਪਰਚਾਰ ਅਕਾਸ਼ ਹੇਠਲੀ ਸਾਰੀ ਸਰਿਸ਼ਟ ਵਿੱਚ ਕੀਤਾ ਗਿਆ" ਸੀ (ਕੁਲੁੱਸੀਆਂ 1:23)। ਜ਼ਿਆਦਾਤਰ ਲੋਕ ਇਸ ਗੱਲ ਦੇ ਨਾਲ ਸਹਿਮਤ ਹਨ ਕਿ ਇਸ ਹਵਾਲੇ ਵਿਚ ਸ਼ਬਦ "ਸਾਰੀ ਸਰਿਸ਼ਟ" ਮੁੱਖ ਤੌਰ ਤੇ ਰੋਮੀ ਸਾਮਰਾਜ ਦੇ ਲੋਕਾਂ ਦਾ ਸੰਕੇਤ ਦਿੰਦਾ ਹੈ। ਲੂਕਾ 2:1 ਵਿਚ ਵਾਕ "ਸਾਰੀ ਦੁਨੀਆ ਦੀ" ਰੋਮੀ ਸਾਮਰਾਜ ਦਾ ਉਲੇਖ ਕਰਨ ਦੇ ਲਈ ਵਰਤਿਆ ਗਿਆ ਸੀ। ਪੌਲੁਸ ਸਪੱਸ਼ਟ ਤੌਰ ਤੇ ਸੱਭਿਆਚਾਰਕ ਸੰਸਾਰ ਦੇ ਹਰੇਕ ਹਿੱਸੇ ਵਿਚ ਇੰਜੀਲ ਦੇ ਤੇਜ਼ੀ ਨਾਲ ਫੈਲਣ ਤੇ ਜ਼ੋਰ ਦੇ ਰਿਹਾ ਹੈ (ਵੇਖੋ ਰੋਮੀਆਂ 1:5, 8; ਕੁਲੁੱਸੀਆਂ 1:5, 6; 1 ਥੱਸਲੁਨੀਕੀਆਂ 1:8)।

**ਅਸਲੀ ਚਿੰਨ੍ਹ (ਮੱਤੀ 24:15, 16; ਮਰਕੁਸ 13:14; ਲੂਕਾ 21:20)**

ਯਿਸੂ ਦੇ ਦੁਆਰਾ ਉਨ੍ਹਾਂ ਘਟਨਾਵਾਂ ਦੀ ਸੂਚੀ ਦਿੱਤੇ ਜਾਣ ਤੋਂ ਬਾਅਦ ਜੋ ਸਿੱਧੇ ਤੌਰ ਤੇ

ਯਰੂਸ਼ਲਮ ਦੇ ਨਾਸ ਦੇ ਨਾਲ ਸੰਬੰਧਤ ਨਹੀਂ ਸਨ, ਉਸ ਨੇ ਉਹ ਚਿੰਨ੍ਹ ਦਿੱਤਾ ਜਿਸ ਦੀ ਉਸ ਦੇ ਚੇਲਿਆਂ ਨੂੰ ਖੋਜ ਕਰਨੀ *ਚਾਹੀਦੀ* ਹੈ। ਉਸ ਨੇ ਕਿਹਾ, "ਉਪਰੰਤ ਜਦ ਤੁਸੀਂ ਉਸ ਉਜਾੜਨ ਵਾਲਾ ਘਿਣਾਉਣੀ ਚੀਜ਼ ਨੂੰ ਜਿਹ ਦੀ ਖ਼ਬਰ ਦਾਨੀਏਲ ਨਬੀ ਨੇ ਦਿੱਤੀ ਪਵਿੱਤ੍ਰ ਥਾਂ ਵਿੱਚ ਖੜੀ ਵੇਖੋਗੇ (ਵਾਚਣ ਵਾਲਾ ਸਮਝ ਲਵੇ), ਤਦ ਓਹ ਜਿਹੜੇ ਯਹੂਦਿਯਾ ਵਿੱਚ ਹੋਣ ਪਹਾੜਾਂ ਉੱਤੇ ਭੱਜ ਜਾਣ" (ਮੱਤੀ 24:15, 16)। ਮਰਕੁਸ ਦੇ ਵਰਣਨ ਵਿਚ ਹੈ "ਜਦ ਤੁਸੀਂ ਉਸ ਉਜਾੜਨ ਵਾਲੀ ਘਿਣਾਉਣੀ ਚੀਜ਼ ਨੂੰ ਜਿਸ ਥਾਂ ਨਹੀਂ ਚਾਹੀਦਾ ਉੱਥੇ ਖੜੀ ਵੇਖੋ" (ਮਰਕੁਸ 13:14)।

ਸਨਸਨੀਪਸੰਦ ਲੋਕ ਇਨ੍ਹਾਂ ਸ਼ਬਦਾਂ ਦਾ ਅਨੁਮਾਨ ਲਗਾਉਂਦੇ ਹੋਏ ਅਨੰਦ ਲੈਂਦੇ ਹਨ "ਉਸ ਉਜਾੜਨ ਵਾਲੀ ਘਿਣਾਉਣੀ ਚੀਜ਼ ਨੂੰ ਜਿਸ ਥਾਂ ਨਹੀਂ ਚਾਹੀਦਾ ਉੱਥੇ ਖੜੀ ਵੇਖੋ," ਪਰ ਇੰਜੀਲ ਦੇ ਵਰਣਨ ਸਾਨੂੰ ਪਰਮੇਸ਼ੁਰ ਦੇ ਦੁਆਰਾ ਪ੍ਰੇਰਿਤ ਵਿਆਖਿਆ ਪ੍ਰਦਾਨ ਕਰਦੇ ਹਨ। ਲੂਕਾ ਵਿਚਲੇ ਸਮਾਂਤਰ ਹਵਾਲੇ ਵਿਚ, ਯਿਸੂ ਨੇ ਕਿਹਾ, "ਜਾਂ ਤੁਸੀਂ *ਯਰੂਸ਼ਲਮ ਨੂੰ ਫ਼ੌਜਾਂ ਨਾਲ ਘੇਰਿਆ ਹੋਇਆ* ਵੇਖੋ ਤਾਂ ਜਾਣੋ ਭਈ ਉਹ ਦਾ ਉੱਜੜਨਾ ਨੇੜੇ ਆ ਪਹੁੰਚਿਆ ਹੈ" (ਲੂਕਾ 21:20; ਜ਼ੋਰ ਦਿੱਤਾ ਗਿਆ ਹੈ)। 60 ਦੇ ਦਹਾਕੇ ਦੇ ਅਖੀਰ ਵਿਚ ਯਰੂਸ਼ਲਮ ਵਿਚ ਰਹਿਣ ਵਾਲੇ ਬਹੁਤ ਸਾਰੇ ਲੋਕਾਂ ਨੇ ਸ਼ਹਿਰ ਨੂੰ ਰੋਮੀ ਫ਼ੌਜਾਂ ਨਾਲ ਘਿਰੇ ਹੋਏ ਵੇਖਿਆ।

ਮਸੀਹ ਨੇ ਆਪਣੇ ਸੁਣਨ ਵਾਲਿਆਂ ਨੂੰ ਯਾਦ ਕਰਵਾਇਆ ਕਿ "ਉਜਾੜਨ ਵਾਲੀ ਘਿਣਾਉਣੀ ਵਸਤ" "ਦਾਨੀਏਲ ਨਬੀ ਦੇ ਦੁਆਰਾ ਬੋਲਿਆ ਗਿਆ ਸੀ।" ਸ਼ਬਦ "ਘਿਣਾਉਣਾ" ਅਤੇ "ਉਜਾੜਨਾ," ਵੱਖ-ਵੱਖ ਸੰਯੋਗਾਂ ਵਿਚ, ਦਾਨੀਏਲ ਦੀ ਪੁਸਤਕ ਵਿਚ ਪਾਇਆ ਜਾਂਦਾ ਹੈ: 9:26, 27; 11:31; 12:11. ਦਾਨੀਏਲ 11:31 ਅਤੇ 12:11 ਸ਼ਾਇਦ ਅੰਤਿਓਕੁਸ ਏਪੀਫੇਂਸ ਦਾ ਉਲੇਖ ਕਰਦੀਆਂ ਹਨ, ਸਿਲੂਕਸੀ ਰਾਜਾ ਜਿਸ ਨੇ ਯਰੂਸ਼ਲਮ ਵਿਚ ਝੂਠੇ ਧਰਮ ਦੀ ਰੀਤ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਮੱਕਾਬੀ ਵਿਦਰੋਹ ਨੂੰ ਜਨਮ ਦਿੱਤਾ ਸੀ (167 ਈ.ਪੂ. ),[9] ਜਦਕਿ 9:26, 27 ਵਿਚ ਰੋਮੀਆਂ ਦੇ ਦੁਆਰਾ ਯਰੂਸ਼ਲਮ ਦੀ ਤਬਾਹੀ ਦਾ ਸਿੱਧਾ-ਸਿੱਧਾ ਹਵਾਲਾ ਦਿੱਤਾ ਗਿਆ ਹੈ। ਦਾਨੀਏਲ ਦੀ ਪੁਸਤਕ 9 ਅਧਿਆਇ ਦੀਆਂ ਆਇਤਾਂ ਭਵਿੱਖਵਾਣੀ ਕਰਦੀਆਂ ਹਨ ਕਿ ਸ਼ਹਿਰ ਅਤੇ ਹੈਕਲ ਤਬਾਹ ਹੋ ਜਾਣਗੇ ਕਿਉਂਕਿ ਲੋਕਾਂ ਨੇ ਮਸੀਹਾ ਨੂੰ ਰੱਦ ਦਿੱਤਾ ਹੈ। ਸੰਬੰਧਤ ਭਾਗ ਇਹ ਹਨ: "ਅਤੇ . . . ਮਸੀਹ ਵੱਡਿਆ ਜਾਏਗਾ [ਅਰਥਾਤ, ਰੱਦਿਆ ਅਤੇ ਮਾਰਿਆ] . . . ਪਾਤਸ਼ਾਹ ਆਵੇਗਾ ਉਹ ਦੇ ਲੋਕ ਸ਼ਹਿਰ ਅਰ ਪਵਿੱਤ੍ਰ ਥਾਂ ਨੂੰ ਉਜਾੜਨਗੇ . . ." (ਦਾਨੀਏਲ 9:26)। ਵੇਨ ਜੈਕਸਨ ਨੇ ਲਿਖਿਆ,

> "ਉਜਾੜਨ ਵਾਲੀ ਘਿਣਾਉਣੀ ਵਸਤ" ਆਪਣੇ ਕਮਾਂਡਰ, ਟਾਈਟਸ ("ਪਾਤਸ਼ਾਹ"; 9:26), ਸਮੇਤ ਰੋਮੀ ਸੈਨਾ ਸੀ, ਜਿਸ ਨੇ 70 ਈਸਵੀ ਵਿਚ ਯਰੂਸ਼ਲਮ ਨੂੰ ਜਿੱਤ ਲਿਆ ਸੀ। . . .
>
> ਇਸ ਘਟਨਾ ਨੂੰ ਦਾਨੀਏਲ ਨੇ "ਘਿਣਾਉਣੀ ਅਤੇ ਉਜਾੜਨ ਵਾਲੀ" ਕਿਹਾ ਹੈ ਕਿਉਂਕਿ ਦਾਊਦ ਦੇ ਸ਼ਹਿਰ ਨੂੰ ਰੋਮੀ ਸੈਨਾ ਦੇ ਦੁਆਰਾ *ਉਜਾੜ ਦਿੱਤਾ ਗਿਆ* ਸੀ – ਇਸ ਦੀ ਮੂਰਤੀਪੂਜਕ ਬਨਾਵਟ ਦੇ ਕਾਰਨ ਇੱਕ *ਘਿਣਾਉਣੀ* ਫੌਜ . . . [ਭਾਵੇਂ] ਯਹੂਦੀ ਕੌਮ ਨੂੰ ਪਤਾ ਸੀ ਕਿ ਇਬਰਾਨੀ ਕੌਮ ਦਾ ਨਾਸ ਦਾਨੀਏਲ ਦੀ ਸ਼ਾਨਦਾਰ ਭਵਿੱਖਵਾਣੀ ਦੀ ਇੱਕ ਪੂਰਤੀ ਸੀ। ਜੋਸੇਫ਼ਸ, ਇੱਕ ਯਹੂਦੀ ਇਤਹਾਸਕਾਰ, ਨੇ ਕਿਹਾ ਕਿ "ਦਾਨੀਏਲ ਨੇ ਰੋਮੀ ਸਰਕਾਰ ਦੇ ਬਾਰੇ ਅਤੇ ਸਾਡੇ ਦੇਸ ਨੂੰ ਉਨ੍ਹਾਂ ਦੇ ਦੁਆਰਾ ਉਜਾੜ ਦਿੱਤੇ ਜਾਣ ਦੇ ਵਿਸ਼ੇ ਵਿਚ ਵੀ ਲਿਖਿਆ ਹੈ।"[10]

ਪੁਰਾਣੇ ਨੇਮ ਵਿਚ, ਸ਼ਬਦ "ਘਿਣਾਉਣਾ" ਆਮ ਤੌਰ ਤੇ ਮੂਰਤੀਪੂਜਾ ਲਈ ਵਰਤਿਆ ਜਾਂਦਾ ਸੀ। ਰੋਮੀ ਸਿਪਾਹੀਆਂ ਨੇ ਆਪਣੇ ਮਿਆਰਾਂ ਤੇ ਉੱਕਰੇ ਹੋਏ ਅਧਿਕਾਰ ਚਿੰਨ੍ਹਾਂ ਦੀ ਪੂਜਾ ਕੀਤੀ। ਜੋਸੀਫੁਸ ਨੇ ਯਹੂਦੀ ਅਤੇ ਰੋਮੀ ਫੌਜ਼ਾਂ ਦੇ ਵਿਚਕਾਰ "ਘਿਰਣਾ" ਦੇ ਸੰਬੰਧ ਵਿਚ ਹੋਣ ਵਾਲੇ ਇਸ

ਝਗੜੇ ਦੇ ਬਾਰੇ ਲਿਖਿਆ ਹੈ।[11]

## ਅਸਲੀ ਚਿੰਨ੍ਹ ਦੇ ਆਉਣ ਤੇ ਕੀ ਕਰਨਾ ਹੈ

### (ਮੱਤੀ 24:16-20; ਮਰਕੁਸ 13:14-18; ਲੂਕਾ 21:21, 23)

ਜਦੋਂ ਯਿਸੂ ਦੇ ਪਿੱਛੇ ਚੱਲਣ ਵਾਲਿਆਂ ਨੇ "ਯਰੂਸ਼ਲਮ ਨੂੰ ਫ਼ੌਜਾਂ ਨਾਲ ਘੇਰਿਆ ਹੋਇਆ" ਵੇਖਿਆ (ਲੂਕਾ 21:20), ਤਾਂ ਉਹ ਸੁਰੱਖਿਆ ਦੇ ਲਈ ਉੱਥੋਂ ਭੱਜ ਗਏ ਸਨ (ਮੱਤੀ 24:16; ਮਰਕੁਸ 13:14; ਲੂਕਾ 21:21)। ਮਸੀਹ ਨੇ ਕਿਹਾ, "ਜਿਹੜਾ ਕੋਠੇ ਉੱਤੇ ਹੋਵੇ ਉਹ ਆਪਣੇ ਘਰ ਵਿੱਚੋਂ ਅਸਬਾਬ ਲੈਣ ਨੂੰ ਹੇਠਾਂ ਨਾ ਉੱਤਰੇ। ਅਤੇ ਜਿਹੜਾ ਖੇਤ ਵਿੱਚ ਹੋਵੇ ਆਪਣੇ ਲੀੜੇ ਲੈਣ ਨੂੰ ਪਿਛਾਹਾਂ ਨਾ ਮੁੜੇ" (ਮੱਤੀ 24:17, 18; ਵੇਖੋ ਮਰਕੁਸ 13:15, 16; ਲੂਕਾ 21:21)। ਹੋਰਨਾਂ ਸ਼ਬਦਾਂ ਵਿਚ, "ਜੇਕਰ ਤੁਸੀਂ ਸ਼ਹਿਰ ਵਿਚ ਹੋ, ਤਾਂ ਆਪਣੇ ਬੈਗ ਨੂੰ ਪੈਕ ਕਰਨ ਜਾਂ ਆਪਣੇ ਸ਼ਾਨਦਾਰ ਤੋਹਫ਼ੇ ਨੂੰ ਲੈਣ ਦੇ ਲਈ ਨਾ ਰੁਕੋ। ਜੇਕਰ ਤੁਸੀਂ ਸ਼ਹਿਰ ਤੋਂ ਬਾਹਰ ਹੋ, ਤਾਂ ਘਰ ਵਿਚ ਵਾਪਸ ਨਾ ਜਾਓ। ਤੁਰੰਤ ਯਰੂਸ਼ਲਮ ਤੋਂ ਬਾਹਰ ਨਿਕਲ ਜਾਓ!"

ਯਿਸੂ ਨੇ ਅੱਗੇ ਕਿਹਾ, "ਪਰ ਹਮਸੋਸ ਉਨ੍ਹਾਂ ਉੱਤੇ ਜਿਹੜੀਆਂ ਉਨ੍ਹੀਂ ਦਿਨੀਂ ਗਰਭਣੀਆਂ ਅਤੇ ਦੁੱਧ ਚੁੰਘਾਉਣ ਵਾਲੀਆਂ ਹੋਣ!" (ਮੱਤੀ 24:19; ਵੇਖੋ ਮਰਕੁਸ 13:17; ਲੂਕਾ 21:23)। ਗਰਭਵਤੀ ਇਸਤਰੀਆਂ ਲਈ ਅਤੇ ਛੋਟਿਆਂ ਬੱਚਿਆਂ ਦੀਆਂ ਮਾਵਾਂ ਦੇ ਲਈ ਛੋਟੇ ਬੱਚਿਆਂ ਦੇ ਨਾਲ ਸਫਰ ਕਰਨਾ ਮੁਸ਼ਕਲ ਹੁੰਦਾ ਹੈ। ਜੇਕਰ ਤੁਹਾਡੇ ਬੱਚੇ ਹਨ, ਤਾਂ ਤੁਸੀਂ ਜਾਣਦੇ ਹੋ ਕਿ – ਬੱਚਿਆਂ ਦੇ ਨਾਲ ਕਿਸੇ ਵੀ ਜਗਾ ਤੇ – ਸਮੇਂ ਸਿਰ ਪਹੁੰਚਣਾ ਕਿੰਨਾ ਔਖਾ ਹੁੰਦਾ ਹੈ। ਮਸੀਹ ਨੇ ਇਹ ਵੀ ਕਿਹਾ, "ਪਰ ਤੁਸੀਂ ਪ੍ਰਾਰਥਨਾ ਕਰੋ ਜੋ ਤੁਹਾਡਾ ਭੱਜਣਾ ਸਿਆਲ ਵਿੱਚ ਯਾ ਸਬਤ ਦੇ ਦਿਨ ਨਾ ਹੋਵੇ" (ਮੱਤੀ 24:20; ਵੇਖੋ ਮਰਕੁਸ 13:18)। ਸਰਦੀਆਂ ਦੇ ਵਿਚ ਯਾਤਰਾ ਕਰਨੀ ਔਖੀ ਹੋਵੇਗੀ ਅਤੇ ਸਬਤ ਦੇ ਦਿਨ ਸ਼ਹਿਰ ਦੇ ਦਰਵਾਜ਼ੇ ਬੰਦ ਰਹਿਣਗੇ। ਇਸ ਤੋਂ ਇਲਾਵਾ, ਕਈ ਯਹੂਦੀ ਮਸੀਹੀਆਂ ਦੇ ਵਿਵੇਕ ਸਬਤ ਦੇ ਦਿਨ ਉਨ੍ਹਾਂ ਨੂੰ ਯਾਤਰਾ ਕਰਨ ਦੀ ਇਜਾਜ਼ਤ ਨਹੀਂ ਦੇਣਗੇ। ਜਾਹਿਰ ਤੌਰ ਤੇ, ਮੌਸਮ ਦੇ ਸੰਬੰਧ ਵਿਚ ਕੀਤੀਆਂ ਗਈਆਂ ਪ੍ਰਾਰਥਨਾਵਾਂ ਦੇ ਉੱਤਰ ਦਿੱਤੇ ਗਏ, ਕਿਉਂਕਿ ਰੋਮੀ ਬਸੰਤ ਦੀ ਰੁੱਤ ਵਿਚ ਆਏ ਸਨ।

ਇਸ ਬਿੰਦੂ ਤੇ, ਆਓ ਇਸ ਗੱਲ ਨੂੰ ਦੁਹਰਾਈਏ ਕਿ ਕਿਸੇ ਦੀ ਸਥਿਤੀ, ਭਾਵੇਂ ਕੋਈ ਇਸਤਰੀ ਗਰਭਵਤੀ ਜਾਂ ਬੱਚੇ ਦੀ ਦੇਖਭਾਲ ਕਰਨ ਵਾਲੀ ਹੋਵੇ ਭਾਵੇਂ ਨਾ ਹੋਵੇ, ਮੌਸਮ, ਅਤੇ ਹਫਤੇ ਦੇ ਦਿਨ ਦਾ ਦੂਸਰੀ ਆਮਦ ਦੇ ਨਾਲ ਕੋਈ ਸੰਬੰਧ ਨਹੀਂ ਹੈ। ਪਰ, ਯਰੂਸ਼ਲਮ ਤੋਂ ਭੱਜਣ ਦੇ ਲਈ ਇਹ ਸਾਰੇ ਕਾਰਕ ਮਹੱਤਵਪੂਰਣ ਹੋਣਗੇ।

ਮੱਤੀ ਅਤੇ ਮਰਕੁਸ ਨੇ ਪਰਮੇਸ਼ੁਰ ਦੀ ਪ੍ਰੇਰਣਾ ਦੇ ਨਾਲ ਇੱਕ ਸੰਪਾਦਕੀ ਟਿੱਪਣੀ ਸ਼ਾਮਲ ਕੀਤੀ ਹੈ: "ਵਾਚਣ ਵਾਲਾ ਸਮਝ ਲਵੇ" (ਮੱਤੀ 24:15; ਮਰਕੁਸ 13:14)। ਬਾਅਦ ਦੇ ਇਤਹਾਸ ਤੋਂ ਪਤਾ ਲੱਗਦਾ ਹੈ ਕਿ ਮੁੱਢਲੇ ਮਸੀਹੀਆਂ ਨੇ ਯਿਸੂ ਦੇ ਸੰਦੇਸ਼ ਨੂੰ ਸਮਝ ਲਿਆ *ਸੀ* ਅਤੇ ਉਹ ਯਰੂਸ਼ਲਮ ਦੇ ਨਾਸ ਹੋਣ ਤੋਂ ਪਹਿਲਾਂ ਉੱਥੋਂ ਭੱਜਣ ਵਿਚ ਕਾਮਯਾਬ ਹੋ ਗਏ ਸਨ। ਸ਼ਾਇਦ ਕੁਝ ਲੋਕ ਉਸ ਸਮੇਂ ਚਲੇ ਗਏ ਸਨ ਜਦੋਂ ਉਨ੍ਹਾਂ ਨੇ ਸੁਣਿਆ ਕਿ ਰੋਮੀ ਸੈਨਾ ਪਹੁੰਚ ਰਹੀ ਹੈ ਜਾਂ ਜਦੋਂ ਉਨ੍ਹਾਂ ਨੇ ਉਸ ਨੂੰ ਸਾਹਮਣੇ ਆਉਂਦੇ ਵੇਖਿਆ ਸੀ। ਹੋਰਨਾਂ ਨੂੰ ਉਸ ਸਮੇਂ ਮੌਕਾ ਦਿੱਤਾ ਗਿਆ ਸੀ ਜਦੋਂ ਘੇਰਾਬੰਦੀ ਹਟਾ ਦਿੱਤੀ ਗਈ ਸੀ।

> ਯੂਸੀਬੀਅਸ ਨੇ ਇੱਕ ਦਿਲਚਸਪ ਕਹਾਣੀ ਸੁਣਾਈ, ਜੋ 300 ਈਸਵੀ ਵਿਚ ਰਹਿਣ ਵਾਲਾ ਕਲੀਸੀਆ ਦਾ ਇੱਕ ਇਤਹਾਸਕਾਰ ਸੀ। ਇੱਕ ਸਮਾਂ ਸੀ ਜਦੋਂ ਯਰੂਸ਼ਲਮ ਦੀ ਘੇਰਾਬੰਦੀ

ਅਸਥਾਈ ਤੌਰ ਤੇ ਹਟਾਈ ਗਈ ਸੀ। ਸਮਰਾਟ ਵਿਟੇਲੀਅਸ ਦੀ ਮੌਤ ਹੋ ਚੁੱਕੀ ਸੀ, ਅਤੇ ਯਰੂਸ਼ਲਮ ਦੀ ਤਬਾਹੀ ਦਾ ਜਨਰਲ ਇੰਚਾਰਜ ਵੈਸਪਸੀਅਨ ਸੀ। ਰੋਮੀ ਸੈਨੇਟ ਨੇ ਵੈਸਪਸੀਅਨ ਨੂੰ ਸੁਨੇਹਾ ਭੇਜਿਆ ਕਿ ਉਸ ਨੇ ਵਿਟੇਲੀਅਸ ਦੇ ਸਥਾਨ ਤੇ ਗਵਰਨਰ ਬਣਨਾ ਹੈ। ਜਦੋਂ ਵੈਸਪਸੀਅਨ ਚਲਾ ਗਿਆ, ਤਾਂ ਉਸ ਦੇ ਪੁੱਤਰ ਤੀਤੁਸ ਨੂੰ ਘੇਰਾਬੰਦੀ ਦਾ ਇੰਚਾਰਜ ਬਣਾ ਦਿੱਤਾ ਗਿਆ। ਮਸੀਹੀ ਲੋਕਾਂ ਨੇ, ਯਿਸੂ ਦੇ ਸ਼ਬਦਾਂ ਤੇ ਭਰੋਸਾ ਰੱਖਦੇ ਹੋਏ, ਇਸ ਮੌਕੇ ਨੂੰ ਯਰੂਸ਼ਲਮ ਤੋਂ ਯਰਦਨ ਨਦੀ ਦੇ ਪਾਰ ਪੇਲਾ ਸ਼ਹਿਰ ਵਿਚ ਭੱਜਣ ਦੇ ਲਈ ਵਰਤਿਆ। ਇਸ ਪਰਕਾਰ, ਉਹ ਭਿਆਨਕ ਤਬਾਹੀ ਤੋਂ ਬਚ ਗਏ। ਯੂਸੀਬੀਅਸ ਦੇ ਅਨੁਸਾਰ, ਘੇਰਾਬੰਦੀ ਦੇ ਦੌਰਾਨ ਇੱਕ ਵੀ ਮਸੀਹੀ ਨੂੰ ਦੁੱਖ ਨਹੀਂ ਦਿੱਤਾ ਗਿਆ; ਉਨ੍ਹਾਂ ਵਿਚੋਂ ਕੋਈ ਵੀ ਤਬਾਹ ਨਹੀਂ ਹੋਇਆ।[12]

## ਵਾਪਰਨ ਵਾਲੀ ਘਟਨਾ ਦਾ ਸਰੂਪ

**(ਮੱਤੀ 24:21-26, 28; ਮਰਕੁਸ 13:19-23; ਲੂਕਾ 21:22-24)**

ਮੱਤੀ 24 ਦਾ ਅਗਲਾ ਭਾਗ ਯਰੂਸ਼ਲਮ ਦੀ ਤਬਾਹੀ ਦਾ ਵਰਣਨ ਕਰਦਾ ਹੈ। ਯਿਸੂ ਨੇ ਪਹਿਲਾਂ ਤੋਂ ਹੀ ਵੇਖ ਲਿਆ ਕਿ ਇਹ ਭਿਆਨਕ ਹੋਵੇਗਾ:

> ਕਿਉਂ ਜੋ ਉਸ ਸਮੇ ਅਜਿਹਾ ਵੱਡਾ ਕਸ਼ਟ ਹੋਵੇਗਾ ਜੋ ਜਗਤ ਦੇ ਮੁੱਢੋਂ ਲੈ ਕੇ ਨਾ ਹੁਣ ਤੋੜੀ ਹੋਇਆ ਅਤੇ ਨਾ ਕਦੀ ਹੋਵੇਗਾ। ਅਰ ਜੇ ਓਹ ਦਿਨ ਘਟਾਏ ਨਾ ਜਾਂਦੇ ਤਾਂ ਕੋਈ ਸਰੀਰ ਨਾ ਬਚਦਾ ਪਰ ਓਹ ਦਿਨ ਚੁਣਿਆਂ ਹੋਇਆਂ [ਅਰਥਾਤ, ਮਸੀਹੀ; ਰੋਮੀਆਂ 8:32-34] ਦੀ ਖ਼ਾਤਰ ਘਟਾਏ ਜਾਣਗੇ (ਮੱਤੀ 24:21, 22; ਵੇਖੋ ਮਰਕੁਸ 13:19, 20)।

ਇਸ ਮੂਲ ਲਿਖਤ ਤੋਂ ਅਤੇ ਪਰਕਾਸ਼ ਦੀ ਪੋਥੀ 7:14 ਤੋਂ ਵਾਕ "ਵੱਡਾ ਕਸ਼ਟ", ਪ੍ਰੀਮਿਲੇਨਿਅਲਿਸਟਾਂ (ਹਜ਼ਾਰ ਸਾਲ ਦੇ ਰਾਜ ਵਿਚ ਵਿਸ਼ਵਾਸ ਰੱਖਣ ਵਾਲੇ) ਦੁਆਰਾ ਇਸ ਧਰਤੀ ਤੇ ਰਾਜ ਕਰਨ ਦੇ ਲਈ ਮਸੀਹ ਦੀ ਕਲਪਿਤ ਵਾਪਸੀ ਤੋਂ ਪਹਿਲਾਂ ਵਿਸ਼ਪ ਵਿਆਪੀ ਕਸ਼ਟ ਦੇ ਇੱਕ ਕਲਪਿਤ ਸੱਤ ਸਾਲ ਦੇ ਸਮੇਂ ਦਾ ਉਲੇਖ ਕਰਨ ਦੇ ਲਈ ਅਪਨਾਇਆ ਗਿਆ ਹੈ। ਮੱਤੀ 24 ਅਧਿਆਇ ਵਿਚ, "ਵੱਡਾ ਕਸ਼ਟ" 70 ਈਸਵੀ ਵਿਚ ਹੋਣ ਵਾਲੀ ਯਰੂਸ਼ਲਮ ਦੀ ਤਬਾਹੀ ਸੀ।

ਯਰੂਸ਼ਲਮ ਦੀ ਤਬਾਹੀ ਦੇ ਸੰਕਟ ਦੇ ਵਿਸ਼ੇ ਵਿਚ, ਪ੍ਰਭੂ ਨੇ ਕਿਹਾ,

> . . . ਇਹ ਵੱਟਾ ਲੈਣ ਦੇ ਦਿਨ ਹਨ [ਅਰਥਾਤ, ਮਸੀਹ ਨੂੰ ਰੱਦਣ ਦੇ ਲਈ ਪਰਮੇਸ਼ੁਰ ਵੱਲੋਂ ਸਜ਼ਾ] ਇਸ ਲਈ ਜੋ ਸਭ ਲਿਖੀਆਂ ਹੋਈਆਂ ਗੱਲਾਂ ਪੂਰੀਆਂ ਹੋਣ। . . . ਕਿਉਂ ਜੋ ਧਰਤੀ ਉੱਤੇ ਵੱਡੀ ਤੰਗੀ ਅਤੇ ਇਸ ਪਰਜਾ ਉੱਤੇ ਕ੍ਰੋਧ ਹੋਵੇਗਾ। ਓਹ ਤਲਵਾਰ ਦੀ ਧਾਰ ਨਾਲ ਮਾਰੇ ਜਾਣਗੇ ਅਤੇ ਬੰਧੂਏ ਹੋ ਕੇ ਸਭ ਕੌਮਾਂ ਵਿੱਚ ਪੁਚਾਏ ਜਾਣਗੇ ਅਰ ਯਰੂਸ਼ਲਮ ਪਰਾਈਆਂ ਕੌਮਾਂ ਤੋਂ ਲਤਾੜਿਆ ਜਾਵੇਗਾ ਜਦ ਤੀਕੁਰ ਪਰਾਈਆਂ ਕੌਮਾਂ ਦੇ ਸਮੇ ਪੂਰੇ ਨਾ ਹੋਣ (ਲੂਕਾ 21:22-24)।

ਬਹੁਤ ਸਾਰੇ ਪ੍ਰੀਮਿਲੇਨਿਅਲਿਸਟ ਇਸ ਗੁਪਤ ਵਾਕ "ਪਰਾਈਆਂ ਕੌਮਾਂ ਦੇ ਸਮੇ ਪੂਰੇ ਨਾ ਹੋਣ" ਨੂੰ ਆਪਣੀ ਐਸਕਿਟਲੋਜੀਕਲ (ਪਰਲੋਕ ਸ਼ਾਸਤਰ ਵਿਸ਼ੇ) ਸਮੇਂ-ਸਾਰਣੀ ਦੇ ਇੱਕ ਜ਼ਰੂਰੀ ਅੰਗ ਦੇ ਰੂਪ ਵਿਚ ਵਰਤਦੇ ਹਨ, ਪਰ ਇਸ ਗੱਲ ਨੂੰ ਧਿਆਨ ਵਿਚ ਰੱਖੋ ਕਿ ਚਰਚਾ ਦਾ ਵਿਸ਼ਾ 70 ਈਸਵੀ ਵਿਚ ਹੋਣ ਵਾਲੀ ਯਰੂਸ਼ਲਮ ਦੀ ਤਬਾਹੀ ਹੈ। ਕਈ ਸੰਭਵ ਵਿਆਖਿਆਵਾਂ ਦਿੱਤੀਆਂ ਗਈਆਂ ਹਨ, ਪਰ ਸਭ ਤੋਂ ਆਸਾਨ ਇਹ ਹੈ ਕਿ ਘੇਰਾਬੰਦੀ ਦੇ ਦੌਰਾਨ ਯਰੂਸ਼ਲਮ ਰੋਮੀਆਂ ਦੇ ਦੁਆਰਾ ਉਸ ਸਮੇਂ ਤਕ "ਲਤਾੜਿਆ ਜਾਵੇਗਾ," ਜਦੋਂ ਤਕ ਪਰਮੇਸ਼ੁਰ ਦੀਆਂ ਯੋਜਨਾਵਾਂ ਅਤੇ

ਉਦੇਸ਼ਾਂ ਵਿਚ, ਸ਼ਹਿਰ ਦੀ ਤਬਾਹੀ ਨੂੰ ਪੂਰਾ ਕਰਨ ਦਾ ਸਮਾਂ ਪੂਰਾ ਨਾ ਹੋ ਜਾਵੇ।

ਯਰੂਸ਼ਲਮ ਦੀ ਤਬਾਹੀ ਦੇ ਵਿਸ਼ੇ ਵਿਚ ਪਰਮੇਸ਼ੁਰ ਦੀ ਭਵਿੱਖਵਾਣੀ ਬਹੁਤ ਕਠੋਰ ਭਵਿੱਖਵਾਣੀ ਜਾਪਦੀ ਹੋ ਸਕਦੀ ਹੈ, ਪਰ ਇਤਹਾਸ ਗਵਾਹੀ ਦਿੰਦਾ ਹੈ ਕਿ ਅਸਲੀਅਤ ਭਵਿੱਖਵਾਣੀ ਦੇ ਨਾਲ ਮੇਲ ਖਾਂਦੀ ਹੈ। ਯਰੂਸ਼ਲਮ ਘੇਰਿਆ ਹੋਇਆ ਸੀ, ਇਹ ਤਿੰਨਾਂ ਸਾਲਾਂ ਤਕ, ਵਿੱਚ ਵਿੱਚ ਖੁੱਲ੍ਹਦਾ ਅਤੇ ਬੰਦ ਹੁੰਦਾ ਰਿਹਾ ਸੀ। ਸ਼ਹਿਰ ਦੀ ਘੇਰਾਬੰਦੀ ਉਸ ਸਮੇਂ ਸ਼ੁਰੂ ਹੋ ਗਈ ਸੀ ਜਦੋਂ ਸ਼ਹਿਰ ਪਸਾਹ ਤੇ ਆਉਣ ਵਾਲੇ ਸ਼ਰਧਾਲੂਆਂ, ਅਤੇ ਉਨ੍ਹਾਂ ਲੋਕਾਂ ਦੇ ਦੁਆਰਾ ਜੋ ਰੋਮੀ ਫ਼ੌਜਾਂ ਦੇ ਅੱਗੋਂ ਭੱਜ ਗਏ ਸਨ ਭਰ ਗਿਆ ਸੀ। ਘੇਰਾਬੰਦੀ ਦੇ ਦੌਰਾਨ, ਉਨ੍ਹਾਂ ਲੋਕਾਂ ਨੇ ਜੋ ਸ਼ਹਿਰ ਦੇ ਵਿਚ ਫਸੇ ਹੋਏ ਸਨ ਜੀਉਂਦੇ ਰਹਿਣ ਦੇ ਲਈ ਨਿਰਾਸ਼ਾਜਨਕ ਉਪਾਵਾਂ ਦਾ ਸਹਾਰਾ ਲਿਆ। (ਵੇਖੋ 2 ਰਾਜਿਆਂ 6:24-30 ਪੁਰਾਣੇ ਨੇਮ ਵਿਚ ਥੋੜੇ ਸਮੇਂ ਦੀ ਇੱਕ ਘੇਰਾਬੰਦੀ ਦੇ ਦੌਰਾਨ ਲੋਕਾਂ ਦੁਆਰਾ ਕੀਤੀਆਂ ਗਈਆਂ ਭਿਆਨਕ ਚੀਜ਼ਾਂ ਦੀ ਇੱਕ ਉਦਾਹਰਣ ਹੈ।)

ਆਖਿਰਕਾਰ, 70 ਈਸਵੀ ਵਿਚ ਤੀਤੁਸ ਯਰੂਸ਼ਲਮ ਉੱਤੇ ਕਬਜ਼ਾ ਕਰਨ ਵਿਚ ਸਫਲ ਰਿਹਾ। ਜਦੋਂ ਰੋਮੀਆਂ ਨੇ ਸ਼ਹਿਰ ਨੂੰ ਪਛਾੜ ਦਿੱਤਾ, ਤਾਂ ਉਨ੍ਹਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਯਹੂਦੀਆਂ ਨੂੰ ਮਾਰ ਦਿੱਤਾ। ਜੋਸੇਫੁਸ ਦੇ ਅਨੁਸਾਰ, ਘੇਰਾਬੰਦੀ ਦੇ ਦੌਰਾਨ 1,100,000 ਲੋਕ ਮਾਰੇ ਗਏ, ਅਤੇ 97,000 ਲੋਕਾਂ ਨੂੰ ਬੰਦੀ ਬਣਾ ਲਿਆ ਗਿਆ।[13] ਜੋਸੇਫੁਸ ਨੇ ਇਹ ਵੀ ਕਿਹਾ ਕਿ ਬਹੁਤ ਸਾਰਿਆਂ ਨੂੰ ਤਸੀਹੇ ਦਿੱਤੇ ਗਏ ਅਤੇ ਮਾਰ ਦਿੱਤਾ ਗਿਆ ਸੀ, ਲੋਕਾਂ ਨੂੰ ਉਦੋਂ ਤਕ ਸਲੀਬਾਂ ਤੇ ਚੜ੍ਹਾਇਆ ਜਾ ਰਿਹਾ ਸੀ ਜਦੋਂ ਤਕ "ਸਲੀਬਾਂ ਰੱਖਣ ਦੇ ਲਈ ਜਗਾਵਾਂ, ਅਤੇ ਸਰੀਰਾਂ ਨੂੰ ਟੰਗਣ ਦੇ ਲਈ ਸਲੀਬਾਂ ਚਾਹੀਦੀਆਂ ਸਨ।"[14] ਅੱਜ ਦੇ ਵਿਦਵਾਨਾਂ ਦਾ ਵਿਸ਼ਵਾਸ ਹੈ ਕਿ ਜੋਸੇਫੁਸ ਨੂੰ ਵਧਾ-ਚੜਾ ਕੇ ਪੇਸ਼ ਕਰਨ ਦੀ ਆਦਤ ਹੋਣ ਦੀ ਸੰਭਾਵਨਾ ਸੀ, ਪਰ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਹਜ਼ਾਰਾਂ ਲੋਕ ਮਾਰੇ ਗਏ ਸਨ। ਹੋਰ ਹਜ਼ਾਰਾਂ ਨੂੰ ਕੈਦ ਵਿਚ ਪਾ ਦਿੱਤਾ ਗਿਆ ਹੈ "ਤਾਂ ਕਿ ਸ਼ਹਿਰ ਅਤੇ ਉਸ ਦੇ ਆਸ -ਪਾਸ ਦੇ ਇਲਾਕਿਆਂ ਵਿਚ ਇੱਕ ਵੀ ਯਹੂਦੀ ਨੂੰ ਜ਼ਿੰਦਾ ਨਾ ਛੱਡਿਆ ਜਾ ਸਕੇ।"[15]

ਰੋਮੀਆਂ ਨੇ ਸ਼ਹਿਰ ਨੂੰ ਢਾਹ ਸੁੱਟਿਆ, ਅਤੇ ਹੈਕਲ ਸਮੇਤ, ਇਸ ਨੂੰ ਸਾੜ ਦਿੱਤਾ (ਵੇਖੋ ਮੱਤੀ 22:7)। ਅੱਗ ਨੇ ਹੈਕਲ ਦੇ ਸੋਨੇ ਨੂੰ ਪਿਘਲਾ ਦਿੱਤਾ ਅਤੇ ਅਸਲ ਵਿਚ ਸੈਨਿਕਾਂ ਨੇ ਧਾਂਤ ਨੂੰ ਮੁੜ ਪ੍ਰਾਪਤ ਕਰਨ ਵਿਚ "ਕੋਈ ਕਸਰ ਨਾ ਛੱਡੀ।" ਯਿਸੂ ਨੇ ਕਿਹਾ ਸੀ ਕਿ "ਐਥੇ ਪੱਥਰ ਉੱਤੇ ਪੱਥਰ ਛੱਡਿਆ ਨਾ ਜਾਏਗਾ [ਹੋਵੇਗਾ] ਜੋ ਡੇਗਿਆ ਨਾ ਜਾਵੇ [ਜਾਵੇਗਾ]" (ਮੱਤੀ 24:2)। "ਖਾਸ ਤੌਰ ਤੇ, ਪੁਰਾਰਤੱਵ-ਵਿਗਿਆਨੀਆਂ ਦੇ ਦੁਆਰਾ ਉਸ ਹੈਕਲ ਦੇ ਸਿਰਫ ਇੱਕ ਪੱਥਰ, ਅਤੇ ਦੂਸਰੇ ਦੇ ਕੁਝ ਭਾਗਾਂ ਦੀ ਸਹੀ ਢੰਗ ਦੇ ਨਾਲ ਪਛਾਣ ਕੀਤੀ ਗਈ ਹੈ।"[16] ਯਰੂਸ਼ਲਮ ਨੂੰ ਇੰਨੀ ਬੁਰੀ ਤਰ੍ਹਾਂ ਦੇ ਨਾਲ ਤਬਾਹ ਕੀਤਾ ਗਿਆ ਸੀ ਕਿ ਉਹ ਲੋਕ ਜੋ ਬਾਅਦ ਵਿਚ ਉਸ ਸਥਾਨ ਦਾ ਦੌਰਾ ਕਰਨ ਦੇ ਲਈ ਗਏ ਸਨ, ਉਨ੍ਹਾਂ ਲਈ ਇਸ ਗੱਲ ਉੱਤੇ ਵਿਸ਼ਵਾਸ ਕਰਨਾ ਮੁਸ਼ਕਲ ਸੀ ਕਿ ਇਹ ਕਦੀ ਵੱਸਦਾ ਹੋਇਆ ਸ਼ਹਿਰ ਸੀ। ਯਿਸੂ ਦੇ ਸਮੇਂ ਵਿਚ ਯਰੂਸ਼ਲਮ ਦੀਆਂ ਸਿਰਫ ਕੁਝ ਕੁ ਦੀਵਾਰਾਂ ਹੀ ਬਾਕੀ ਸਨ, ਜਿਨ੍ਹਾਂ ਵਿਚ ਪ੍ਰਸਿੱਧ "ਰੋਣ ਦੀ ਦੀਵਾਰ" ਵੀ ਸ਼ਾਮਲ ਸੀ। ਯਹੂਦੀ ਹੈਕਲ ਦੇ ਸਥਾਨ ਤੇ ਹੁਣ ਇੱਕ ਮਸਜਿਦ ਨੇ ਕਬਜ਼ਾ ਕਰ ਲਿਆ ਹੈ ਜਿਸ ਨੂੰ "ਦ ਡੂਮ ਆਫ ਦ ਰੋਕ" ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਯਿਸੂ ਨੇ ਇਹ ਦੱਸਿਆ ਸੀ ਕਿ ਦੁੱਖ ਦੇ ਵਿਚ, ਝੂਠੇ ਮਸੀਹ ਉੱਠ ਖੜੇ ਹੋਣਗੇ, ਜੋ ਝੂਠੀ ਉਮੀਦ ਦਿਵਾਉਣਗੇ (ਮੱਤੀ 24:23-25; ਮਰਕੁਸ 13:21-23)। ਮੱਤੀ 24:24 ਧਿਆਨ ਦੇਣ ਯੋਗ ਹੈ: ਇੱਥੇ ਪ੍ਰਭੂ ਨੇ ਕਿਹਾ ਕਿ ਝੂਠੇ ਮਸੀਹ "ਅਜੇਹੇ ਵੱਡੇ ਨਿਸ਼ਾਨ ਅਤੇ ਅਚਰਜ ਕੰਮ ਵਿਖਾਉਣਗੇ ਕਿ ਜੇ ਹੋ ਸੱਕਦਾ ਤਾਂ ਓਹ ਚੁਣਿਆਂ ਹੋਇਆਂ ਨੂੰ [ਅਰਥਾਤ, ਮਸੀਹੀਆਂ ਨੂੰ] ਵੀ

ਭੁਲਾਵੇ ਵਿੱਚ ਪਾ ਦਿੰਦੇ।" "ਚਮਤਕਾਰ ਕਰਨ" ਦੀ ਯੋਗਤਾ ਕਦੀ ਵੀ, ਆਪਣੇ ਆਪ ਵਿਚ, ਇੱਕ ਨਿਸ਼ਾਨ ਨਹੀਂ ਹੈ, ਕਿ ਕੋਈ ਵਿਅਕਤੀ ਪਰਮੇਸ਼ੁਰ ਨੂੰ ਮਨਜ਼ੂਰ ਹੈ।

ਯਿਸੂ ਨੇ ਕਿਹਾ ਕਿ ਲੋਕ ਅਫਵਾਹਾਂ ਉਡਾਉਣਗੇ – "ਉਹ ਇੱਥੇ ਹੈ" ਜਾਂ "ਉਹ ਉੱਥੇ ਹੈ" – ਪਰ, ਉਸ ਨੇ ਕਿਹਾ, "ਤਾਂ ਸਤ ਨਾ ਮੰਨਣਾ" (ਮੱਤੀ 24:26)। ਫਿਰ ਜਦੋਂ ਆਖਿਰ ਵਿਚ ਯਿਸੂ ਵਾਪਸ ਆਵੇਗਾ ਤਾਂ ਕਿਸੇ ਨੂੰ ਵੀ ਇਸ ਗੱਲ ਦੀ ਘੋਸ਼ਣਾ ਨਹੀਂ ਕਰਨੀ ਪਵੇਗੀ ਕਿਉਂਕਿ ਹਰ ਕੋਈ ਇਸ ਨੂੰ ਜਾਣੇਗਾ: "ਕਿਉਂਕਿ ਜਿਸ ਤਰਾਂ ਬਿਜਲੀ ਚੜ੍ਹਦਿਓਂ ਚਮਕਾਰਾ ਮਾਰ ਕੇ ਲਹਿੰਦੇ ਤੀਕਰ ਦਿਸਦੀ ਹੈ ਉਸੇ ਤਰਾਂ ਮਨੁੱਖ ਦੇ ਪੁੱਤ੍ਰ ਦਾ ਆਉਣਾ ਹੋਵੇਗਾ" (ਮੱਤੀ 24:27)। ਮੱਤੀ 24:27 ਆਇਤ ਸ਼ਾਇਦ ਯਿਸੂ ਦੇ ਨਿਆਂ ਕਰਨ ਦੇ ਲਈ ਯਰੂਸ਼ਲਮ ਵਿਚ ਆਉਣ ਬਾਰੇ ਦੱਸਦੀ ਹੋ ਸਕਦੀ ਹੈ, ਪਰ ਪ੍ਰਸੰਗ ਵਿਚ, ਇੰਝ ਜਾਪਦਾ ਹੈ ਕਿ ਇਹ ਮਸੀਹ ਦੇ ਵਿਅਕਤੀਗਤ ਰੂਪ ਵਿਚ ਆਉਣ ਦੇ ਵਿਸ਼ੇ ਵਿਚ ਦੱਸ ਰਿਹਾ ਹੈ – ਅਰਥਾਤ, ਦੂਸਰੀ ਆਮਦ ਦੇ ਵਿਸ਼ੇ ਵਿਚ। ਯਿਸੂ ਨੇ ਇਸ ਤੱਥ ਨੇ ਨਾਲ "ਇੱਥੇ" ਜਾਂ "ਉੱਥੇ" ਦੀ ਅਸਪੱਸ਼ਟਾ ਨੂੰ ਵੱਖਰਾ ਕੀਤਾ ਹੈ ਕਿ, ਜਦੋਂ ਇਹ ਹੋਵੇਗਾ, ਤਾਂ ਦੂਸਰੀ ਆਮਦ ਸਭਨਾਂ ਦੇ ਲਈ ਸਪੱਸ਼ਟ ਹੋ ਜਾਵੇਗੀ (ਵੇਖੋ ਪਰਕਾਸ਼ ਦੀ ਪੋਥੀ 1:7)।

ਝੂਠੇ ਮਸੀਹਾਂ ਦੇ ਰਾਹੀਂ ਦਿੱਤੀ ਗਈ ਕੋਈ ਵੀ ਆਸ ਝੂਠੀ ਹੋਣੀ ਸੀ ਕਿਉਂਕਿ ਯਰੂਸ਼ਲਮ ਦਾ ਅੰਤ ਮੋਹਰਬੰਦ ਕੀਤਾ ਗਿਆ ਸੀ। ਇੰਜੀਲ ਪਹਿਲਾਂ ਯਹੂਦੀਆਂ ਵਿਚ ਪਰਚਾਰ ਕੀਤੀ ਜਾਵੇਗੀ (ਰੋਮੀਆਂ 1:16); ਯਹੂਦੀ ਕੌਮ ਨੂੰ ਪਰਮੇਸ਼ੁਰ ਵੱਲ ਮੁੜ ਜਾਣ ਦਾ ਹਰ ਮੌਕਾ ਦਿੱਤਾ ਜਾਵੇਗਾ; ਪਰ ਪ੍ਰਭੂ ਦੇ ਦਯਾ ਦੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਜਾਵੇਗਾ। ਯਰੂਸ਼ਲਮ ਦੀ ਤਬਾਹੀ ਇਸ ਗੱਲ ਦਾ ਸਬੂਤ ਹੋਵੇਗੀ ਕਿ ਇਸ ਕੌਮ ਦੇ ਨਾਲ ਪਰਮੇਸ਼ੁਰ ਦਾ ਸੰਬੰਧ ਖਤਮ ਹੋ ਚੁੱਕਾ ਸੀ। ਅੱਗੇ ਵੇਖੋ, ਮਹਾਨ ਡਾਕਟਰ ਨੇ, ਇਹ ਕਹਿੰਦੇ ਹੋਏ ਮਰੀਜ਼ ਨੂੰ ਮੁਰਦਾ ਘੋਸ਼ਿਤ ਕਰ ਹੈ, "ਜਿੱਥੇ ਮੁਰਦਾਰ ਹੈ ਉੱਥੇ ਗਿਲਝਾਂ ਇਕੱਠੀਆਂ ਹੋਣਗੀਆਂ" (ਮੱਤੀ 24:28)।

ਗਿਲਝਾਂ ਦੇ ਇਕੱਠੇ ਹੋਣ ਦੇ ਵਿਸ਼ੇ ਵਿਚ ਯਿਸੂ ਦੀ ਗੱਲ ਸੱਚਮੁੱਚ ਸੱਚ ਹੋ ਗਈ ਸੀ। ਇਹ ਕਿਹਾ ਗਿਆ ਸੀ ਕਿ ਰੋਮੀ ਘੇਰਾਬੰਦੀ ਦੇ ਸਮੇਂ ਫਲਿਸਤੀਨ ਵਿਚ ਗਿਲਝਾਂ ਦੀ ਗਿਣਤੀ ਦੁੱਗਣੀ ਹੋ ਗਈ ਸੀ। ਪਰ, ਕੁਝ ਲੋਕ ਕਹਿੰਦੇ ਹਨ ਕਿ ਯੂਨਾਨੀ ਸ਼ਬਦ ἀετοί (*ਏਤੋਈ*), ਦਾ ਅਨੁਵਾਦ "ਇੱਲਾਂ" ਵੀ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਸੋਚਿਆ ਕਿ ਪ੍ਰਭੂ ਉਸ ਉਕਾਬ ਦੀ ਗੱਲ ਕਰ ਰਿਹਾ ਹੈ ਜੋ ਰੋਮੀ ਝੰਡਿਆਂ ਦੇ ਸਿਰੇ ਤੇ ਹੁੰਦਾ ਸੀ: ਰੋਮੀ ਫ਼ੌਜ ਉੱਥੇ ਇੱਕਠੀ ਹੋ ਗਈ ਸੀ ਜਿੱਥੇ "ਲਾਸ਼" (ਯਰੂਸ਼ਲਮ) ਸੀ।

## ਤੁਰੰਤ ਪਾਲਣ ਕਰਨ ਦੇ ਲਈ ਅਨੋਖੀਆਂ ਘਟਨਾਵਾਂ

**(ਮੱਤੀ 24:29-31; ਮਰਕੁਸ 13:24-27; ਲੂਕਾ 21:25-28)**

ਹੁਣ ਅਸੀਂ ਇੱਕ ਮੁਸ਼ਕਲ ਅਧਿਆਇ ਦੇ ਹੋਰ ਔਖੇ ਭਾਗਾਂ ਵਿਚੋਂ ਇੱਕ ਵੱਲ ਆਪਣਾ ਧਿਆਨ ਲਗਾਵਾਂਗੇ:

> ਉਨ੍ਹਾਂ ਦਿਨਾਂ ਦੇ ਕਸ਼ਟ ਦੇ ਪਿੱਛੋਂ ਝੱਟ ਸੂਰਜ ਅਨ੍ਹੇਰਾ ਹੋ ਜਾਵੇਗਾ ਅਤੇ ਚੰਦ ਆਪਣੀ ਚਾਨਣੀ ਨਾ ਦੇਵੇਗਾ ਅਰ ਤਾਰੇ ਅਕਾਸ਼ ਤੋਂ ਡਿੱਗ ਪੈਣਗੇ ਅਤੇ ਅਕਾਸ਼ਾਂ ਦੀਆਂ ਸ਼ਕਤੀਆਂ ਹਿਲਾਈਆਂ ਜਾਣਗੀਆਂ। ਤਦ ਮਨੁੱਖ ਦੇ ਪੁੱਤ੍ਰ ਦਾ ਨਿਸ਼ਾਨ ਅਕਾਸ਼ ਵਿੱਚ ਪਰਗਟ ਹੋਵੇਗਾ ਅਰ ਤਦੋਂ ਧਰਤੀ ਦੀਆਂ ਸਾਰੀਆਂ ਕੌਮਾਂ ਪਿੱਟਣਗੀਆਂ ਅਤੇ ਮਨੁੱਖ ਦੇ ਪੁੱਤ੍ਰ ਨੂੰ ਸਮਰੱਥਾ ਅਰ ਵੱਡੇ ਤੇਜ ਨਾਲ ਅਕਾਸ਼ ਦੇ ਬੱਦਲਾਂ ਉੱਤੇ ਆਉਂਦਿਆਂ ਵੇਖਣਗੀਆਂ। ਅਤੇ ਉਹ ਤੁਰਹੀ ਦੀ ਵੱਡੀ ਅਵਾਜ਼ ਨਾਲ ਆਪਣੇ ਦੂਤਾਂ ਨੂੰ ਭੇਜੇਗਾ ਅਰ ਓਹ ਚੌਹਾਂ ਕੂੰਟਾਂ ਤੋਂ ਅਕਾਸ਼ ਦੇ ਉਸ ਸਿਰੇ ਤੋਂ ਲੈਕੇ ਐਸ ਸਿਰੇ ਤੀਕਰ ਉਹ ਦੇ ਚੁਣਿਆਂ ਹੋਇਆਂ ਨੂੰ ਇਕੱਠਿਆਂ ਕਰਨਗੇ (ਮੱਤੀ 24:29-31; ਵੇਖੋ

ਮਰਕੁਸ 13:24-27; ਲੂਕਾ 21:25-28)।

ਇਨ੍ਹਾਂ ਆਇਤਾਂ ਦੀ ਸ਼ਬਦਾਵਲੀ ਦੂਸਰੀ ਆਮਦ ਦੇ ਸ਼ਬਦ ਵਰਗੀ ਜਾਪਦੀ ਹੈ। ਜੇਕਰ, ਜਿਵੇਂ ਬਹੁਤ ਸਾਰੇ ਲੋਕ ਵਿਸ਼ਵਾਸ ਕਰਦੇ ਹਨ, ਕਿ ਯਿਸੂ ਆਪਣੇ ਉਪਦੇਸ਼ ਵਿਚ ਇੱਕ ਵਿਸ਼ੇ ਤੋਂ ਦੂਸਰੇ ਵਿਸ਼ੇ ਵਿਚ ਜਾ ਰਹੇ ਹਨ, ਤਾਂ ਸ਼ਾਇਦ ਉਹ ਉਸੇ ਘਟਨਾ ਦੇ ਵਿਸ਼ੇ ਵਿਚ ਬੋਲ ਰਿਹਾ *ਸੀ*। ਪਰ, ਜੇਕਰ ਆਇਤ 34 ਦੇ ਵਾਕ "ਏਹ ਸਭ ਗੱਲਾਂ" ਵਿਚ ਆਇਤਾਂ 29 ਤੋਂ 31 ਸ਼ਾਮਲ ਹਨ, ਜੋ ਕੁਦਰਤੀ ਧਾਰਣਾ ਹੋਵੇਗੀ, ਤਾਂ ਮਸੀਹ ਦੇ ਮਨ ਵਿਚ ਇੱਕ ਹੋਰ ਘਟਨਾ ਜ਼ਰੂਰ ਹੋਣੀ ਚਾਹੀਦੀ ਹੈ।

ਜਿਵੇਂ ਜਿਵੇਂ ਅਸੀਂ ਹੋਰਨਾਂ ਸੰਭਾਵਨਾਵਾਂ ਦੀ ਖੋਜ ਕਰਦੇ ਹਾਂ, ਤਾਂ ਸਾਨੂੰ ਇਸ ਗੱਲ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਯਿਸੂ ਦੇ ਸਰੋਤੇ ਐਪੋਕਲਿਪਟਿਕ ਭਾਸ਼ਾ ਤੋਂ ਜਾਣੂ ਸਨ। ਮੱਤੀ 24:29-31 ਵਿਚ ਇਸਤੇਮਾਲ ਕੀਤੇ ਜਾਣ ਵਾਲੇ ਸਾਰੇ ਸ਼ਬਦ ਅਤੇ ਬਾਈਬਲ ਵਿਚ ਹੋਰਨਾਂ ਜਗਾਵਾਂ ਤੇ ਇਸਤੇਮਾਲ ਕੀਤੇ ਜਾਣ ਵਾਲੇ ਇਸ ਨਾਲ ਸੰਬੰਧਤ ਹਵਾਲੇ ਵੱਖ ਵੱਖ ਘਾਤਕ ਘਟਨਾਵਾਂ ਦੇ ਬਾਰੇ ਦੱਸਣ ਦੇ ਲਈ ਵਰਤੇ ਗਏ ਹਨ, ਜਿਵੇਂ ਅੱਜਕੱਲ ਦੇ ਲੋਕਾਂ ਦੇ ਦੁਆਰਾ ਖਾਸ ਮੌਕਿਆਂ ਦੇ ਉਲੇਖ ਕਰਨ ਦੇ ਲਈ "ਧਰਤੀ ਦੇ ਹਿੱਲਣ" ਵਾਕ ਦਾ ਇਸਤੇਮਾਲ ਕੀਤਾ ਜਾਂਦਾ ਹੈ।

ਉਦਾਹਰਣ ਦੇ ਲਈ, ਰਾਜਿਆਂ ਅਤੇ ਰਾਜਾਂ ਦਾ ਉਲੇਖ ਕਰਨ ਦੇ ਲਈ ਸੂਰਜ, ਚੰਨ ਅਤੇ ਤਾਰਿਆਂ ਦੇ ਪ੍ਰਤੀਕ ਚਿੰਨ੍ਹਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ: (1) ਬਾਬੁਲ ਦੇ ਪਤਨ ਦਾ ਉਲੇਖ ਕਰਨ ਦੇ ਲਈ ਇਸ ਪ੍ਰਕਾਰ ਦੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਜਾਂਦਾ ਸੀ (ਯਸਾਯਾਹ 13:1, 9-11)। (2) ਇਸ ਦਾ ਉਪਯੋਗ ਅਦੋਮ ਦੇ ਪਤਨ ਦੀ ਭਵਿੱਖਵਾਣੀ ਕਰਨ ਦੇ ਲਈ ਵਰਤਿਆ ਗਿਆ ਸੀ (ਯਸਾਯਾਹ 34:4, 5)। (3) ਇਸ ਦੀ ਵਰਤੋਂ ਫ਼ਿਰਊਨ, ਯਾਨੀ ਮਿਸਰ ਦੀ ਤਬਾਹੀ ਦੇ ਵਿਸ਼ੇ ਵਿਚ ਕੀਤਾ ਗਿਆ (ਹਿਜ਼ਕੀਏਲ 32:2, 7, 8)। (4) ਇਹ ਸ਼ਬਦਾਵਲੀ ਯੋਏਲ 2:28-32 ਵਿਚ ਵੀ ਇਸਤੇਮਾਲ ਕੀਤੀ ਗਈ ਸੀ, ਜਿਸ ਦਾ ਹਵਾਲਾ ਰਸੂਲਾਂ ਦੇ ਕਰਤੱਬ 2:16-21 ਵਿਚ ਦਿੱਤਾ ਗਿਆ ਹੈ, ਜਿੱਥੇ ਇਹ ਨਵੇਂ ਨੇਮ ਦੀ ਸ਼ੁਰੂਆਤ ਦੇ ਨਾਲ ਸੰਬੰਧਤ ਹੈ।

ਦੁਬਾਰਾ, "ਪ੍ਰਭੂ ਦੀ ਆਮਦ" (ਜਾਂ ਇਸ ਦੇ ਨਾਲ ਮਿਲਦੇ-ਜੁਲਦੇ ਵਾਕ) ਪਰਮੇਸ਼ੁਰ ਦੇ ਦੁਆਰਾ ਮਨੁੱਖਾਂ ਦੇ ਵਿਚਕਾਰ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਸਧਾਰਣ ਤਰੀਕੇ ਦਾ ਉਲੇਖ ਕਰ ਸਕਦੇ ਹਨ: (1) ਮਿਸਰ ਨੂੰ ਤਬਾਹ ਕਰਨ ਦੇ ਲਈ ਪਰਮੇਸ਼ੁਰ "ਆਇਆ" (ਯਸਾਯਾਹ 19:1)। (2) ਯਿਸੂ ਨੇ ਵਾਇਦਾ ਕੀਤਾ ਕਿ ਉਹ ਆਪਣਾ ਰਾਜ/ਕਲੀਸੀਆ ਸਥਾਪਤ ਕਰਨ ਲਈ "ਆਵੇਗਾ" – ਜੋ ਉਸ ਦੀ ਮੌਤ, ਦਫਨਾਏ ਜਾਣ, ਅਤੇ ਜੀ ਉੱਠਣ ਤੋਂ ਬਾਅਦ ਪਹਿਲੇ ਪੰਤੇਕੁਸਤ ਦੇ ਦਿਨ ਹੋਇਆ (ਰਸੂਲਾਂ ਦੇ ਕਰਤੱਬ 2)। (ਤੁਲਨਾ ਕਰੋ ਮੱਤੀ 16:28 ਤੋਂ ਮਰਕੁਸ 9:1.)

ਜਦੋਂ ਅਸੀਂ ਮੱਤੀ 24:29-31 ਦੀ ਵਿਆਖਿਆ ਕਰਦੇ ਹਾਂ, ਤਾਂ ਸਾਨੂੰ ਘੱਟੋ ਘੱਟ ਤਿੰਨਾਂ ਤੱਥਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। (1) ਯਿਸੂ ਨੇ ਕਿਹਾ ਸੀ ਕਿ ਆਇਤਾਂ 29 ਤੋਂ 31 ਦੀ ਘਟਨਾ ਜਾਂ ਘਟਨਾਵਾਂ ਯਰੂਸ਼ਲਮ ਦੇ ਤਬਾਹ ਕੀਤੇ ਜਾਣ ਦੇ "ਕਸ਼ਟ ਦੇ ਪਿੱਛੋਂ *ਝੱਟ*" ਹੋਣਗੀਆਂ (ਆਇਤ 29; ਜ਼ੋਰ ਦਿੱਤਾ ਗਿਆ ਹੈ)। (2) ਆਇਤ 34 ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਘਟਨਾ ਜਾਂ ਘਟਨਾਵਾਂ ਉਸ ਪੀੜ੍ਹੀ ਦੇ ਲੋਕਾਂ ਦੇ ਜੀਵਨ-ਕਾਲ ਦੇ ਦੌਰਾਨ ਹੋਣਗੀਆਂ। (3) ਆਇਤਾਂ 29 ਤੋਂ 31 ਦੀ ਸ਼ਬਦਾਵਲੀ ਦੂਸਰੀ ਆਮਦ ਤੋਂ ਇਲਾਵਾ ਹੋਰਨਾਂ ਘਟਨਾਵਾਂ ਦਾ ਹਵਾਲਾ ਦੇ *ਸਕਦੀਆਂ* ਹਨ। ਇਨ੍ਹਾਂ ਸਾਰੀਆਂ ਗੱਲਾਂ ਨੂੰ ਦਿਮਾਗ ਵਿਚ ਰੱਖ ਕੇ, ਹੁਣ ਅਸੀਂ ਮੱਤੀ 24:29-31 ਦੀ ਯੋਗ ਵਿਆਖਿਆ ਨੂੰ ਵੇਖ ਸਕਦੇ ਹਾਂ:

*ਆਇਤ 29.* ਯਰੂਸ਼ਲਮ ਅਤੇ ਹੈਕਲ ਦਾ ਤਬਾਹ ਹੋਣਾ, ਯਹੂਦੀ ਕੌਮ ਦੇ ਪਤਨ ਦਾ ਇੱਕ ਸੰਕੇਤ ਸੀ।

*ਆਇਤ 30.* "ਮਨੁੱਖ ਦੇ ਪੁੱਤ੍ਰ ਦਾ ਨਿਸ਼ਾਨ" ਹੈਕਲ ਦੀ ਤਬਾਹੀ ਸੀ। ਇਸ ਨੂੰ "ਅਕਾਸ਼ ਵਿੱਚ" ਇੱਕ ਚਿੰਨ੍ਹ ਦੇ ਰੂਪ ਵਿਚ ਕਿਹਾ ਗਿਆ ਸੀ ਕਿਉਂਕਿ ਇਹ ਪਰਮੇਸ਼ੁਰ ਦੇ ਵੱਲੋਂ ਦਿੱਤਾ ਗਿਆ ਇੱਕ ਚਿੰਨ੍ਹ ਸੀ ਜਿਸ ਨੂੰ ਸਾਰੇ ਵੇਖ ਸਕਦੇ ਸਨ। ਯਰੂਸ਼ਲਮ ਦੇ ਤਬਾਹ ਕੀਤੇ ਜਾਣ ਦੀ ਭਵਿੱਖਵਾਣੀ ਪ੍ਰਭੂ ਦੀਆਂ ਸਭ ਤੋਂ ਅਚਰਜ ਭਵਿੱਖਵਾਣੀਆਂ ਵਿਚੋਂ ਇੱਕ ਹੈ – ਅਤੇ ਇੱਕ ਅਜਿਹੀ ਭਵਿੱਖਵਾਣੀ ਜਿਸ ਨੂੰ ਉਸ ਦੇ ਸੁਣਨ ਵਾਲਿਆਂ ਨੂੰ ਇਸ ਨੂੰ ਪੂਰਾ ਹੁੰਦਾ ਹੋਇਆ ਵੇਖਣਾ ਪਵੇਗਾ। ਹੈਕਲ ਦੇ ਸੰਪੂਰਣ ਰੀਤਿ ਦੇ ਨਾਲ ਤਬਾਹ ਕੀਤੇ ਜਾਣ ਤੋਂ ਇਹ ਪਤਾ ਲੱਗਦਾ ਹੈ ਕਿ ਯਿਸੂ ਦੀ ਭਵਿੱਖਵਾਣੀ ਪੂਰੀ ਹੋਈ ਸੀ ਅਤੇ ਉਸ ਦੇ ਉੱਤੇ ਭਰੋਸਾ ਕੀਤਾ ਜਾ ਸਕਦਾ ਹੈ। ਇਹ ਇੱਕ "ਚਿੰਨ੍ਹ" ਸੀ ਕਿ ਉਹ ਮਸੀਹਾ ਹੈ ਅਤੇ ਇਸ ਕਾਰਨ ਉਸ ਦੇ ਉੱਤੇ ਵਿਸ਼ਵਾਸ ਕੀਤਾ ਜਾਣਾ ਚਾਹੀਦਾ ਹੈ ਅਤੇ ਉਸ ਦੀ ਆਗਿਆਕਾਰੀ ਕੀਤੀ ਜਾਣੀ ਚਾਹੀਦੀ ਹੈ।

*ਆਇਤ 30.* ਜਦੋਂ ਯਰੂਸ਼ਲਮ ਤਬਾਹ ਹੋ ਗਿਆ ਸੀ, ਤਾਂ ਧਰਤੀ ਦੀਆਂ ਸਾਰੀਆਂ ਕੌਮਾਂ (ਯਾਨੀ, ਇਸਰਾਏਲ ਕੌਮ) ਪਿੱਟਣਗੀਆਂ।

*ਆਇਤ 30.* ਇਸ ਬਿੰਦੂ ਤੇ, ਮਨੁੱਖ ਦੇ ਪੁੱਤਰ ਦੀ "ਆਮਦ" ਦੇ ਲਈ – ਅਰਥਾਤ, ਸੰਸਾਰ ਦੀ ਮੁਕਤੀ ਦੇ ਲਈ ਉਸ ਦੀ ਯੋਜਨਾ ਨੂੰ ਜਾਰੀ ਰੱਖਣ ਦੇ ਲਈ ਹਰ ਵਸਤੂ ਤਿਆਰ ਕੀਤੀ ਜਾਵੇਗੀ। ਇਸੇ ਲਈ ਯਿਸੂ ਨੇ ਕਿਹਾ ਕਿ "ਜਾਂ ਏਹ ਗੱਲਾਂ ਹੋਣ ਲੱਗਣਗੀਆਂ . . . ਤੁਹਾਡਾ ਨਿਸਤਾਰਾ ਨੇੜੇ ਆਇਆ ਹੈ" (ਲੂਕਾ 21:28)।

*ਆਇਤ 31.* ਜੇਕਰ ਸਾਡੀ ਵਿਆਖਿਆ ਇਸ ਬਿੰਦੂ ਤੇ ਸਹੀ ਹੈ, ਤਾਂ ਆਇਤ 31 ਉਸ ਦੇ ਚੇਲਿਆਂ ਦਾ ਮਹਾਨ ਆਗਿਆ ਨੂੰ ਪੂਰਾ ਕਰਨ, ਇੰਜੀਲ ਨੂੰ ਸਾਰੇ ਸੰਸਾਰ ਵਿਚ ਲੈ ਜਾਣ ਦੀ ਪ੍ਰਤੀਕਾਤਮਕ ਭਵਿੱਖਵਾਣੀ ਹੋ ਸਕਦੀ ਹੈ। "ਸਵਰਗਦੂਤ" ਦੇ ਲਈ ਯੂਨਾਨੀ ਸ਼ਬਦ (ἄγγελος, *ਏਂਜਲੋਸ*) ਜਿਸ ਦਾ ਅਰਥ "ਸੰਦੇਸ਼ਵਾਹਕ" ਹੈ, ਭਾਵੇਂ ਉਹ ਮਨੁੱਖੀ ਜਾਂ ਸਵਰਗੀ ਸੰਦੇਸ਼ਵਾਹਕ ਹੋਵੇ। ਜੇਕਰ ਆਇਤ 31 ਦੇ "ਦੂਤਾਂ" ਮਨੁੱਖੀ ਸੰਦੇਸ਼ਵਾਹਕ ਹਨ, ਤਾਂ ਹੋ ਸਕਦਾ ਹੈ ਕਿ ਆਇਤ ਦੁਨੀਆਂ ਭਰ ਵਿਚ ਜਾਣ ਵਾਲੇ ਇੰਜੀਲ ਦੇ ਪ੍ਰਚਾਰਕਾਂ ਦਾ, ਜੋ "ਚੁਣਿਆਂ ਹੋਇਆਂ" (ਜੋ ਇੰਜੀਲ ਨੂੰ ਸਵੀਕਾਰ ਕਰਦੇ ਹਨ) ਨੂੰ ਇੱਕਠਾ ਕਰ ਰਹੇ ਹਨ, ਉਲੇਖ ਕਰ ਰਹੀ ਹੋਵੇ।

ਪਹਿਲੀ ਵਾਰ ਜਦੋਂ ਤੁਸੀਂ ਇਸ ਦ੍ਰਿਸ਼ਟੀਕੋਣ ਨੂੰ ਪੜ੍ਹਦੇ ਹੋ, ਤਾਂ ਸ਼ਾਇਦ ਇਹ ਤੁਹਾਨੂੰ ਅਪੀਲ ਕਰੇ ਜਾਂ ਨਾ ਕਰੇ; ਪਰ ਇਸ ਨੂੰ ਰੱਦਣ ਤੋਂ ਪਹਿਲਾਂ, ਦੋ ਪ੍ਰਮੁੱਖ ਬਿੰਦੂਆਂ ਤੇ ਵਿਚਾਰ ਕਰੋ: (1) ਇਹ ਵਿਆਖਿਆ ਚੁਣੇ ਹੋਏ ਦ੍ਰਿਸ਼ਟੀਕੋਣਾਂ ਦੇ ਕੁਝ ਨੁਕਸਾਨਾਂ ਤੋਂ ਬਚਾਉਂਦੀ ਹੈ ਜੋ ਵਿਆਖਿਆ ਕਰਨ ਵਾਲੇ ਨੂੰ ਆਪਣੀ ਮਨ ਮਰਜ਼ੀ ਦੇ ਨਾਲ ਇਹ ਤੈਅ ਕਰਨ ਦੀ ਇਜਾਜ਼ਤ ਦਿੰਦੇ ਹਨ ਕਿ ਇੱਕ ਵਿਸ਼ੇਸ਼ ਆਇਤ ਯਰੂਸ਼ਲਮ ਦੀ ਤਬਾਹੀ ਜਾਂ ਦੂਸਰੀ ਆਮਦ ਦੇ ਵਿਸ਼ੇ ਵਿਚ ਬੋਲ ਰਹੀ ਹੈ। (2) ਇਹ ਵਿਆਖਿਆ ਲਿਖਤਾਂ ਵਿਚ ਹੋਰਨਾਂ ਸਥਾਨਾਂ ਤੇ ਰਹੱਸਮਈ ਪ੍ਰਤੀਕਵਾਦ ਦੀ ਵਰਤੋਂ ਅਤੇ ਸੰਪੂਰਣ ਨਵੇਂ ਨੇਮ ਦੇ ਵਿਚਾਰ ਅਧੀਨ ਵਿਸ਼ਿਆਂ ਦੀ ਸਧਾਰਣ ਸਿੱਖਿਆ ਦੇ ਨਾਲ ਸੰਗਤ ਹੈ।

### "ਜਦ ਤੀਕਰ . . . ਇਹ ਪੀਹੜੀ ਬੀਤ ਨਾ ਜਾਵੇਗੀ" (ਮੱਤੀ 24:32-35)

ਜਿਵੇਂ ਹੀ ਯਿਸੂ ਨੇ ਯਰੂਸ਼ਲਮ ਦੀ ਤਬਾਹੀ ਦੇ ਵਿਸ਼ੇ ਤੇ ਆਪਣੀ ਸਿੱਖਿਆ ਦਾ ਸਿੱਟਾ ਕੱਢਿਆ, "ਉਸ ਨੇ ਉਨ੍ਹਾਂ ਨੂੰ ਇੱਕ ਦ੍ਰਿਸ਼ਟਾਂਤ ਦਿੱਤਾ" (ਲੂਕਾ 21:29), "ਹੰਜੀਰ ਦੇ ਬਿਰਛ ਤੋਂ ਇੱਕ ਦ੍ਰਿਸ਼ਟਾਂਤ ਸਿੱਖੋ" (ਮੱਤੀ 24:32, 33; ਮਰਕੁਸ 13:28, 29; ਲੂਕਾ 21:29-31)। ਮੱਤੀ

24:33 ਅਤੇ ਮਰਕੁਸ 13:29 ਵਿਚ ਸ਼ਬਦ “ਇਹ ਸਭ ਕੁਝ” “ਉਜਾੜਨ ਵਾਲੀ ਘਿਣਾਉਣੀ ਚੀਜ਼” ਉੱਤੇ ਵਿਸ਼ੇਸ਼ ਜ਼ੋਰ ਦੇਣ ਦੇ ਨਾਲ, ਉਨ੍ਹਾਂ ਸਾਰੀਆਂ ਗੱਲਾਂ ਦਾ ਉਲੇਖ ਕਰਦੇ ਹਨ ਜੋ ਯਿਸੂ ਨੇ ਕਹੀਆਂ ਸਨ (ਮੱਤੀ 24:15; ਮਰਕੁਸ 13:14) – ਅਰਥਾਤ, “ਯਰੂਸ਼ਲਮ ਨੂੰ ਫ਼ੌਜਾਂ ਦੇ ਨਾਲ ਘੇਰਿਆ ਹੋਇਆ” (ਲੂਕਾ 21:20)। ਜਿਵੇਂ ਕਿ ਮਸੀਹ ਦੇ ਸੁਣਨ ਵਾਲੇ ਹੰਜੀਰ ਦੇ ਬਿਰਛ ਦੇ ਪੱਤਿਆਂ ਨੂੰ ਵੇਖ ਕੇ ਜਾਣ ਸਕਦੇ ਸਨ ਕਿ ਗਰਮੀ ਦੀ ਰੁੱਤ ਨੇੜੇ ਹੈ, ਇਸ ਲਈ ਜਦੋਂ ਉਨ੍ਹਾਂ ਨੇ ਰੋਮੀ ਫ਼ੌਜ ਨੂੰ ਆਉਂਦੇ ਹੋਏ ਵੇਖਿਆ ਤਾਂ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਯਰੂਸ਼ਲਮ ਦੀ ਬਰਬਾਦੀ ਨੇੜੇ ਸੀ।

ਮੱਤੀ ਅਤੇ ਮਰਕੁਸ ਦੇ ਵਰਣਨਾਂ ਵਿਚ ਹੈ “ਜਾਣ ਲਓ ਜੋ *ਉਹ* ਨੇੜੇ” ਹੈ (ਮੱਤੀ 24:33; ਮਰਕੁਸ 13:29; ਜ਼ੋਰ ਦਿੱਤਾ ਗਿਆ ਹੈ) – ਯਾਨੀ, ਉਨ੍ਹਾਂ ਨੂੰ ਇਹ ਜਾਣਨਾ ਚਾਹੀਦਾ ਸੀ ਕਿ ਪ੍ਰਭੂ ਯਰੂਸ਼ਲਮ ਦਾ ਨਿਆਂ ਕਰਨ ਦੇ ਲਈ “ਆ ਰਿਹਾ” ਸੀ। ਲੂਕਾ ਦੇ ਵਰਣਨ ਵਿਚ ਹੈ “ਤਾਂ ਜਾਣੋ ਜੋ *ਪਰਮੇਸ਼ੁਰ ਦਾ ਰਾਜ* ਨੇੜੇ ਹੈ” (ਲੂਕਾ 21:31; ਜ਼ੋਰ ਦਿੱਤਾ ਗਿਆ ਹੈ)। ਨਵੇਂ ਨੇਮ ਵਿਚ “ਰਾਜ” ਦੇ ਦੋ ਸਭ ਤੋਂ ਆਮ ਉਪਯੋਗ ਕਲੀਸੀਆ ਅਤੇ ਸਵਰਗ ਦੇ ਵਿਸ਼ੇ ਵਿਚ ਕੀਤੇ ਗਏ ਹਨ। ਯਰੂਸ਼ਲਮ ਦੀ ਤਬਾਹੀ ਦੇ ਸਮੇਂ, ਕਲੀਸੀਆ ਲਗਭਗ ਚਾਲੀ ਸਾਲਾਂ ਤੋਂ ਹੋਂਦ ਵਿਚ ਆ ਚੁੱਕੀ ਸੀ, ਇਸ ਲਈ ਹਵਾਲਾ ਕਲੀਸੀਆ ਦੇ ਸੰਬੰਧ ਵਿਚ ਨਹੀਂ ਸੀ। ਦੂਜੇ ਪਾਸੇ, ਜੇਕਰ ਕੋਈ ਸ਼ਬਦ ਦੀ ਵਿਆਖਿਆ “ਸਵਰਗ” ਦੇ ਰੂਪ ਵਿਚ ਕਰਦਾ ਹੈ – ਤਾਂ ਕਿ ਵਾਕ ਦੁਨੀਆਂ ਦੇ ਅੰਤ ਦਾ ਹਵਾਲਾ ਦੇਵੇ – ਤਾਂ ਦੂਜੀ ਆਇਤ ਦੇ ਕਾਰਨ ਸਮੱਸਿਆ ਹੈ। ਉਹ ਆਇਤ ਦੱਸਦੀ ਹੈ ਕਿ “ਜਦ ਤੋੜੀ ਸਭ ਗੱਲਾਂ ਨਾ ਹੋ ਲੈਣ ਇਹ ਪੀਹੜੀ ਬੀਤ ਨਾ ਜਾਵੇਗੀ” (ਲੂਕਾ 21:32)। ਸ਼ਾਇਦ ਸਭ ਤੋਂ ਵਧੀਆ ਹੱਲ ਹੈ ਕਿ ਸ਼ਬਦ “ਰਾਜ” ਨੂੰ ਇਸ ਦੇ ਮੂਲ ਅਰਥ ਵਿਚ ਲਿਆ ਜਾਵੇ: “ਲੋਕਾਂ ਦੇ ਦਿਲਾਂ ਵਿਚ ਪਰਮੇਸ਼ੁਰ ਦਾ ਰਾਜ।” ਫਿਰ ਇਹ ਆਇਤ ਖੁਸ਼ਖਬਰੀ ਦੇ ਫੈਲਣ ਅਤੇ ਇਹ ਕਿਵੇਂ ਲੋਕਾਂ ਨੂੰ ਪਰਮੇਸ਼ੁਰ ਦੇ ਰਾਜ ਦੇ ਨਾਗਰਿਕ ਬਣਾਉਂਦੀ ਹੈ ਇਸ ਵਿਸ਼ੇ ਦੇ ਨਾਲ ਸੰਬੰਧਤ ਸੀ (ਕੁਲੁੱਸੀਆਂ 1:13)।

ਇਹ ਸਾਨੂੰ ਇਸ ਮੁੱਖ ਹਵਾਲੇ ਵੱਲ ਲਿਆਉਂਦਾ ਹੈ: “ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਜਦ ਤੀਕਰ ਏਹ ਸਭ ਗੱਲਾਂ ਨਾ ਹੋ ਲੈਣ ਇਹ ਪੀਹੜੀ ਬੀਤ ਨਾ ਜਾਵੇਗੀ” (ਮੱਤੀ 24:34; ਵੇਖੋ ਮਰਕੁਸ 13:30; ਲੂਕਾ 21:32)। “ਏਹ ਸਭ ਗੱਲਾਂ” ਦਾ ਅਰਥ ਉਹੀ ਹੈ ਜੋ ਪਿਛਲੀ ਆਇਤ (ਮੱਤੀ 24:33) ਦਾ ਸੀ: ਉਹ ਸਭ ਗੱਲਾਂ ਜਿਨ੍ਹਾਂ ਦੀ, ਰੋਮੀ ਫ਼ੌਜਾਂ ਦੇ ਦੁਆਰਾ ਯਰੂਸ਼ਲਮ ਸ਼ਹਿਰ ਦੇ ਘੇਰੇ ਜਾਣ ਅਤੇ ਫਿਰ ਤਬਾਹ ਕੀਤੇ ਜਾਣ ਤੇ ਖਾਸ ਜ਼ੋਰ ਦਿੰਦੇ ਹੋਏ ਯਿਸੂ ਚਰਚਾ ਕਰ ਰਿਹਾ ਸੀ।

ਇਸ ਤੋਂ ਪਹਿਲਾਂ ਇਸ ਅਧਿਆਇ ਵਿਚ, ਅਸੀਂ ਜ਼ੋਰ ਦਿੱਤਾ ਹੈ ਕਿ ਯੂਨਾਨੀ ਸ਼ਬਦ ਜਿਸ ਦਾ ਅਨੁਵਾਦ “ਪੀੜ੍ਹੀ” ਕੀਤਾ ਗਿਆ ਹੈ ਮੂਲ ਰੂਪ ਵਿਚ ਇੱਕ ਖਾਸ ਸਮੇਂ ਦੇ ਦੌਰਾਨ ਜੀ ਰਹੇ ਲੋਕਾਂ ਦਾ ਹਵਾਲਾ ਦਿੰਦੀ ਹੈ। ਮੱਤੀ ਨੇ “ਪੀੜ੍ਹੀ” ਸ਼ਬਦ ਦਾ ਤੇਰਾਂ ਵਾਰ ਇਸਤੇਮਾਲ ਕੀਤਾ (ਮੱਤੀ 1:17; 11:16; 12:39, 41, 42, 45; 16:4; 17:17; 23:36; 24:34); ਹਰ ਵਾਰ ਇਸ ਵਿਚ ਇੱਕ ਵਿਅਕਤੀ ਦੇ ਜੀਵਨ ਕਾਲ ਦੀ ਭਾਵਨਾ ਹੁੰਦੀ ਹੈ। ਜਦੋਂ ਰਸੂਲ ਨੇ ਸ਼ਬਦ “ਪੀੜ੍ਹੀ” ਦੇ ਨਾਲ ਸ਼ਬਦ “ਇਸ” ਨੂੰ ਇਸਤੇਮਾਲ ਕੀਤਾ, ਤਾਂ ਉਸ ਨੇ ਬੁਲਾਰੇ ਦੇ ਸਮਕਾਲੀ ਲੋਕਾਂ ਨੂੰ ਸੰਬੋਧਤ ਕਰਦੇ ਹੋਏ ਉਨ੍ਹਾਂ ਨੂੰ ਸੰਬੋਧਤ ਕੀਤਾ (ਵੇਖੋ ਮੱਤੀ 11:16; 12:41, 42)।[17] ਯਰੂਸ਼ਲਮ ਨੂੰ 70 ਈਸਵੀ ਵਿਚ ਤਬਾਹ ਕੀਤਾ ਗਿਆ ਸੀ, ਯਿਸੂ ਦੇ ਦੁਆਰਾ ਇਹ ਸ਼ਬਦ ਬੋਲੇ ਜਾਣ ਦੇ ਬਾਅਦ ਚਾਲੀ ਸਾਲ ਵੀ ਨਹੀਂ ਹੋਏ ਸਨ; ਇਹ ਉਨ੍ਹਾਂ ਲੋਕਾਂ ਦੇ ਜੀਵਨਕਾਲ ਦੌਰਾਨ ਹੋਇਆ *ਸੀ* ਜਿਨ੍ਹਾਂ ਦੇ ਨਾਲ ਮਸੀਹ ਗੱਲਾਂ ਕਰ ਰਿਹਾ ਸੀ।

ਕੀ ਯਰੂਸ਼ਲਮ ਦੀ ਤਬਾਹੀ ਦੇ ਵਿਸ਼ੇ ਵਿਚ ਯਿਸੂ ਦੀ ਭਵਿੱਖਵਾਣੀ ਪੱਕੀ ਸੀ? ਉਸ ਨੇ ਕਿਹਾ, "ਅਕਾਸ਼ ਅਤੇ ਧਰਤੀ ਟਲ ਜਾਣਗੇ ਪਰ ਮੇਰੇ ਬਚਨ ਕਦੇ ਨਾ ਟਲਣਗੇ" (ਮੱਤੀ 24:35; ਵੇਖੋ ਮਰਕੁਸ 13:31; ਲੂਕਾ 21:33)। ਜਿਵੇਂ ਅਸੀਂ ਵੇਖਿਆ ਹੈ, ਮਸੀਹ ਦੇ ਸ਼ਬਦ ਠੀਕ ਉਸੇ ਤਰ੍ਹਾਂ ਪੂਰੇ ਹੋਏ ਸਨ ਜਿਵੇਂ ਉਸ ਨੇ ਭਵਿੱਖਵਾਣੀ ਕੀਤੀ ਸੀ।

# ਦੂਸਰੀ ਆਮਦ
# (ਮੱਤੀ 24:36-41; ਮਰਕੁਸ 13:32-37)

ਮੱਤੀ 24:36 ਦੀ ਸ਼ੁਰੂਆਤ ਵਿਚ, ਯਿਸੂ ਨੇ ਇੱਕ ਵੱਖਰਾ ਵਿਸ਼ਾ ਲੈ ਕੇ ਗੱਲ ਕੀਤੀ ਸੀ। ਬਹੁਤ ਸਾਰੇ ਤੱਥ ਇਸ ਗੱਲ ਦਾ ਸੰਕੇਤ ਦਿੰਦੇ ਹਨ ਕਿ ਇਹ ਮਾਮਲਾ ਹੈ: (1) ਓਸ ਨੇ ਵਿਰੋਧੀ ਵਿਸ਼ਲੇਸ਼ਣ ਦੇ ਨਾਲ ਨਵੇਂ ਵਿਸ਼ੇ ਨੂੰ ਪੇਸ਼ ਕੀਤਾ "ਪਰ" (δέ, *ਡੇ*): "*ਪਰ* ਉਸ ਦਿਨ ਅਤੇ ਘੜੀ . . ." (ਮੱਤੀ 24:36; ਜ਼ੋਰ ਦਿੱਤਾ ਗਿਆ ਹੈ; ਵੇਖੋ ਮਰਕੁਸ 13:32)। (2) "ਓਹ ਦਿਨ" ਬਹੁਵਚਨ (ਮੱਤੀ 24:22, 29; ਵੇਖੋ ਮਰਕੁਸ 13:20, 24) ਅਤੇ "ਉਸ ਦਿਨ" ਇੱਕ ਵਚਨ ਦੇ ਵਿਚਕਾਰ ਅੰਤਰ ਹੈ (ਮੱਤੀ 24:36; ਵੇਖੋ ਮਰਕੁਸ 13:32)। ਮੱਤੀ ਦੇ ਦੁਆਰਾ ਨਿਆਂ ਦੇ ਦਿਨ ਦਾ ਹਵਾਲਾ ਦੇਣ ਦੇ ਲਈ ਕਿਸੇ ਹੋਰ ਸਥਾਨ ਤੇ ਵੀ "ਉਸ ਦਿਨ" ਵਰਤਿਆ ਗਿਆ ਹੈ (ਮੱਤੀ 7:22)। (3) ਮੱਤੀ 24:36 ਤੋਂ ਪਹਿਲਾਂ ਅਤੇ ਬਾਅਦ ਵਿਚ ਕਈ ਤੁਲਨਾਵਾਂ ਪਾਈਆਂ ਜਾਂਦੀਆਂ ਹਨ। (*ਹੈਕਲ ਤੋਂ ਰਵਾਨਗੀ, ਗੰਭੀਰ ਵਿਵਾਦ* ਦਾ ਚਾਰਟ ਵੇਖੋ।) ਉਦਾਹਰਣ ਦੇ ਤੌਰ ਤੇ, ਅਧਿਆਇ ਦੇ ਪਹਿਲੇ ਹਿੱਸੇ ਵਿਚ, ਉਸ ਨੇ ਉਨ੍ਹਾਂ ਨੂੰ ਇੱਕ "ਨਿਸ਼ਾਨ" ਦਿੱਤਾ ਜਿਸ ਦੇ ਦੁਆਰਾ ਉਹ ਜਾਣ ਸਕਣ ਕਿ ਯਰੂਸ਼ਲਮ ਤਬਾਹ ਹੋਣ ਵਾਲਾ ਹੈ। "ਨਿਸ਼ਾਨ" ਸੀ ਰੋਮੀ ਫ਼ੌਜ ਦੇ ਦੁਆਰਾ ਸ਼ਹਿਰ ਨੂੰ ਘੇਰਿਆ ਜਾਣਾ (ਲੂਕਾ 21:20)। ਮੱਤੀ 24:36 ਤੋਂ ਬਾਅਦ, ਉਸ ਨੇ ਇੱਕ ਘਟਨਾ ਦੀ ਚਰਚਾ ਸ਼ੁਰੂ ਕੀਤੀ ਜਿਸ ਦੇ ਵਿਸ਼ੇ ਵਿਚ ਕੋਈ ਚੇਤਾਵਨੀ ਨਹੀਂ ਹੋਵੇਗੀ। ਉਹ ਘਟਨਾ ਦੂਸਰੀ ਆਮਦ ਸੀ। (4) ਮੱਤੀ 24:36 ਵਿਚਾਰਾਂ ਦੀ ਇੱਕ ਲਾਇਨ ਦੀ ਜਾਣਕਾਰੀ ਦਿੰਦਾ ਹੈ ਜੋ ਆਦਮੀਆਂ ਅਤੇ ਇਸਤਰੀਆਂ ਨੂੰ ਸਵਰਗ ਜਾਂ ਨਰਕ ਵਿਚ ਭੇਜੇ ਜਾਣ ਦੇ ਨਾਲ ਸਮਾਪਤ ਹੁੰਦੀ ਹੈ (ਮੱਤੀ 25:46)। ਯਰੂਸ਼ਲਮ ਦੇ ਤਬਾਹ ਹੋਣ ਤੇ ਅਜਿਹਾ *ਨਹੀਂ* ਹੋਇਆ ਸੀ।

ਆਖਿਰਕਾਰ ਪ੍ਰਭੂ ਆਪਣੀ ਦੂਸਰੀ ਆਮਦ ਦੇ ਵਿਸ਼ੇ ਵਿਚ ਗੱਲ ਕਰਨ ਦੇ ਲਈ ਤਿਆਰ ਸੀ। ਉਹ ਮੱਤੀ 24:3 ਵਿਚ ਪਾਏ ਜਾਣ ਵਾਲੇ ਦੂਸਰੇ ਸਵਾਲਾਂ ਦੇ ਉੱਤਰ ਦੇਣ ਦੇ ਲਈ ਤਿਆਰ ਸੀ: "ਤੇਰੇ ਆਉਣ ਅਰ ਜੁਗ ਦੇ ਅੰਤ ਦਾ ਕੀ ਲੱਛਣ ਹੋਊ?"

### "ਪਰ ਉਸ ਦਿਨ ਅਤੇ ਘੜੀ" (ਮੱਤੀ 24:36-41; ਮਰਕੁਸ 13:32)

ਚੇਲਿਆਂ ਨੇ ਉਸ ਦੀ ਆਮਦ ਅਤੇ ਯੁਗ ਦੇ ਅੰਤ ਦੇ "ਨਿਸ਼ਾਨ" ਦੇ ਵਿਸ਼ੇ ਵਿਚ ਪੁੱਛਿਆ ਸੀ, ਪਰ ਯਿਸੂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਉਸ ਦੀ ਦੂਸਰੀ ਆਮਦ ਦਾ ਕੋਈ ਨਿਸ਼ਾਨ *ਨਹੀਂ* ਹੋਵੇਗਾ: "ਪਰ ਉਸ ਦਿਨ ਅਤੇ ਘੜੀ ਨੂੰ ਕੋਈ ਨਹੀਂ ਜਾਣਦਾ, ਨਾ ਸੁਰਗ ਦੇ ਦੂਤ ਨਾ ਪੁੱਤ੍ਰ ਪਰ ਕੇਵਲ ਪਿਤਾ" (ਮੱਤੀ 24:36; ਵੇਖੋ ਮਰਕੁਸ 13:32)।

> . . . ਮਸੀਹ . . . ਦ੍ਰਿੜ੍ਹਤਾ ਦੇ ਨਾਲ ਕਹਿੰਦਾ ਹੈ ਕਿ ਉਹ ਨਹੀਂ ਜਾਣਦਾ ਕਿ ਉਹ ਕਦੋਂ ਆਵੇਗਾ। ਜੇਕਰ ਉਹ ਜਾਣਦਾ ਹੀ ਨਹੀਂ ਹੈ, ਤਾਂ ਉਹ ਕੋਈ ਨਿਸ਼ਾਨ ਕਿਸ ਤਰ੍ਹਾਂ ਦੇ ਸਕਦਾ ਹੈ? ਸੰਖੇਪ ਰੂਪ ਵਿਚ, ਮਸੀਹ ਆਪਣੇ ਚੇਲਿਆਂ ਨੂੰ ਕਹਿ ਰਿਹਾ ਹੈ, "ਹਾਂ, ਕੁਝ ਨਿਸ਼ਾਨ ਹਨ ਜੋ ਯਰੂਸ਼ਲਮ ਅਤੇ ਹੈਕਲ ਦੇ ਤਬਾਹ ਕੀਤੇ ਜਾਣ ਦੇ ਨਿਸ਼ਾਨ ਹਨ। . . . ਮੇਰੀ ਦੂਸਰੀ ਆਮਦੇ ਦੇ ਸੰਕੇਤਾਂ ਦੇ ਵਿਸ਼ੇ ਵਿਚ, ਮੈਂ ਸਿਰਫ ਇੰਨਾ ਜਾਣਦਾ ਹਾਂ ਕਿ ਮੈਂ ਮਹਾਨ ਮਹਿਮਾ ਅਤੇ ਸ਼ਕਤੀ ਦੇ

> ਨਾਲ ਬੱਦਲਾਂ ਦੇ ਉੱਤੇ ਆਵਾਂਗਾ। . . . ਮੈਂ ਤੁਹਾਨੂੰ ਕੋਈ ਵਿਸ਼ੇਸ਼ ਚਿੰਨ੍ਹ ਨਹੀਂ ਦੇ ਸਕਦਾ ਹਾਂ ਕਿਉਂਕਿ ਮੈਂ ਕੋਈ ਚਿੰਨ੍ਹ ਨਹੀਂ ਜਾਣਦਾ।"[18]

ਕਿਉਂਕਿ ਯਿਸੂ ਦੀ ਦੂਸਰੀ ਆਮਦ ਦੀ ਪਹਿਲਾਂ ਤੋਂ ਹੀ ਕੋਈ ਚੇਤਾਵਨੀ ਨਹੀਂ ਹੋਵੇਗੀ, ਉਸ ਦਾ ਆਉਣਾ ਸਭ ਤੋਂ ਵੱਧ ਕੇ ਅਚਾਨਕ ਹੋਵੇਗਾ, ਜਿਵੇਂ ਨੂਹ ਦੇ ਦਿਨਾਂ ਵਿਚ ਪਰਲੋ ਦੇ ਸਮੇਂ ਬਹੁਤ ਸਾਰੇ ਲੋਕ ਤਿਆਰ ਨਹੀਂ ਸਨ "ਕਿਉਂਕਿ ਜਿਸ ਤਰਾਂ ਪਰਲੋ ਤੋਂ ਅੱਗੇ ਦੇ ਦਿਨਾਂ ਵਿੱਚ ਲੋਕ ਖਾਂਦੇ ਪੀਂਦੇ ਵਿਆਹ ਕਰਦੇ ਅਤੇ ਕਰਾਉਂਦੇ ਸਨ ਉਸ ਦਿਨ ਤੀਕਰ ਕਿ ਨੂਹ ਕਿਸ਼ਤੀ ਉੱਤੇ ਚੜ੍ਹਿਆ" (ਮੱਤੀ 24:38; ਵੇਖੋ ਆਇਤਾਂ 37-39)। ਨੂਹ ਨੇ ਲੋਕਾਂ ਨੂੰ ਦੱਸਿਆ ਕਿ ਪਰਲੋ ਆ ਰਹੀ ਹੈ, ਪਰ ਉਨ੍ਹਾਂ ਨੇ ਉਸ ਉੱਤੇ ਵਿਸ਼ਵਾਸ ਨਹੀਂ ਕੀਤਾ। ਉਹ ਆਮ ਜੀਵਨ ਜੀ ਰਹੇ ਸਨ। ਅੱਜ, ਭਾਵੇਂ ਬਾਈਬਲ ਸਾਨੂੰ ਸਿਖਾਉਂਦੀ ਹੈ ਕਿ ਪ੍ਰਭੂ ਆਵੇਗਾ, ਪਰ ਬਹੁਤ ਸਾਰੇ ਲੋਕ ਚੇਤਾਵਨੀਆਂ ਨੂੰ ਨਜਰਅੰਦਾਜ਼ ਕਰ ਦਿੰਦੇ ਹਨ।

ਜਦੋਂ ਪ੍ਰਭੂ ਨੇ ਖਾਣ, ਪੀਣ, ਅਤੇ ਵਿਆਹ ਦੀ ਗੱਲ ਕੀਤੀ, ਤਾਂ ਕੀ ਉਹ ਇਹ ਕਹਿ ਰਿਹਾ ਸੀ ਕਿ ਸਾਡੇ ਲਈ ਜੀਵਨ ਦੀਆਂ ਸਧਾਰਣ ਗਤੀਵਿਧੀਆਂ ਨੂੰ ਜਾਰੀ ਰੱਖਣਾ ਗਲਤ ਹੈ? ਨਹੀਂ, *ਜਦੋਂ ਅਸੀਂ ਆਪਣੇ ਦਿਲ ਅਤੇ ਜੀਵਨ ਵਿਚ ਉਸ ਦੀ ਆਮਦ ਦੇ ਲਈ ਤਿਆਰ ਹੁੰਦੇ ਹਾਂ*, ਉਸ ਸਮੇਂ ਤਕ ਇਨ੍ਹਾਂ ਨੂੰ ਕਰਨਾ ਸਹੀ ਅਤੇ ਉਚਿਤ ਹੈ। ਯਿਸੂ ਨੇ ਸਧਾਰਣ ਗਤੀਵਿਧੀਆਂ ਵਿਚ ਲੱਗੇ ਹੋਏ ਦੋ ਆਦਮੀਆਂ ਦੀ ਇੱਕ ਉਦਾਹਰਣ ਦਿੱਤੀ: ਉਹ ਉਸ ਦੀ ਆਮਦ ਦੇ ਵੇਲੇ ਖੇਤ ਵਿਚ ਕੰਮ ਕਰ ਰਹੇ ਹੋਣਗੇ। ਮਸੀਹ ਨੇ ਕਿਹਾ, "ਇੱਕ ਲੈ ਲਿਆ ਜਾਵੇਗਾ ਅਤੇ ਇੱਕ ਛੱਡਿਆ ਜਾਵੇਗਾ" (ਮੱਤੀ 24:40)।

ਬਹੁਤ ਸਾਰੇ ਪ੍ਰੀਮਿਲੇਨਿਅਲਿਸਟ (ਹਜ਼ਾਰ ਸਾਲ ਦੇ ਰਾਜ ਵਿਚ ਵਿਸ਼ਵਾਸ ਕਰਨ ਵਾਲੇ) ਮੱਤੀ 24:40, 41 ਨੂੰ ਆਪਣੀ "ਦ ਰੈਪਚਰ" ਕਹੀ ਜਾਣ ਵਾਲੀ ਸਿੱਖਿਆ ਵਿਚ ਸ਼ਾਮਲ ਕਰਦੇ ਹਨ: ਉਹ ਸਿਖਾਉਂਦੇ ਹਨ ਕਿ, ਜਦੋਂ ਮਸੀਹ ਆਵੇਗਾ, ਤਾਂ ਉਹ ਜਿਹੜੇ ਤਿਆਰ ਹੋਣਗੇ ਉਹ ਬੱਦਲਾਂ ਵਿਚ ਉਸ ਦੇ ਨਾਲ ਰਹਿਣ ਦੇ ਲਈ "ਉਠਾਏ" ਜਾਣਗੇ ਜਦਕਿ ਉਹ ਜੋ ਤਿਆਰ ਨਹੀਂ ਹੋਣਗੇ ਉਹ ਧਰਤੀ ਉੱਤੇ "ਛੱਡ" ਦਿੱਤੇ ਜਾਣਗੇ ਤਾਂ ਕਿ ਉਹ ਸੱਤਾਂ ਸਾਲਾਂ ਦੇ ਕਲੇਸ਼ ਨੂੰ ਸਹਿਣ। ਪਰ, ਮੱਤੀ 24 ਦੇ ਪ੍ਰਸੰਗ ਵਿਚ, "ਲੈ ਲਿਆ ਜਾਵੇਗਾ" ਦਾ ਅਰਥ ਹੈ "ਪਰਮੇਸ਼ੁਰ ਦੇ ਨਾਲ ਸਵਰਗ ਵਿਚ ਰਹਿਣ ਦੇ ਲਈ ਉਠਾ ਲਿਆ ਗਿਆ" (ਵੇਖੋ ਰਸੂਲਾਂ ਦੇ ਕਰਤੱਬ 1:2, 11) ਜਦਕਿ "ਛੱਡ ਦਿੱਤਾ ਜਾਣਾ" ਨਰਕ ਵਿਚ ਅਨੰਤ ਕਾਲ ਦੇ ਲਈ ਪਰਮੇਸ਼ੁਰ ਤੋਂ ਵੱਖਰਾ ਹੋਣਾ (2 ਥੱਸਲੁਨੀਕੀਆਂ 1:7-9) ਹੈ।

ਖੇਤ ਵਿਚ ਕੰਮ ਕਰ ਰਹੇ ਦੋ ਆਦਮੀ ਦਿਨ ਦੇ ਸਮੇਂ ਆਦਮੀਆਂ ਦੀਆਂ ਸਭ ਤੋਂ ਸਧਾਰਣ ਗਤੀਵਿਧੀਆਂ ਵਿਚੋਂ ਇੱਕ ਕਰ ਰਹੇ ਸਨ, ਪਰ ਇੱਕ ਜਣਾ ਸਪੱਸ਼ਟ ਤੌਰ ਤੇ ਪ੍ਰਭੂ ਦੀ ਆਮਦ ਦੇ ਲਈ ਤਿਆਰ ਸੀ ਜਦਕਿ ਦੂਸਰਾ ਤਿਆਰ ਨਹੀਂ ਸੀ। ਮਸੀਹ ਨੇ ਇਸਤਰੀਆਂ ਦੀ ਵੀ ਇੱਕ ਅਜਿਹੀ ਮਿਸਾਲ ਦੱਸੀ ਸੀ ਜੋ ਚੱਕੀ ਪੀਸ ਰਹੀਆਂ ਸਨ, ਉਸ ਸਮੇਂ ਇਸਤਰੀਆਂ ਦੇ ਦੁਆਰਾ ਕੀਤੇ ਜਾਣ ਵਾਲੇ ਕੰਮਾਂ ਵਿਚੋਂ ਇੱਕ ਕੰਮ (ਮੱਤੀ 24:41)।

**"ਜਾਗਦੇ ਰਹੋ" (ਮੱਤੀ 24:42-51; ਮਰਕੁਸ 13:33-37)**

ਮੱਤੀ 24:42-51 ਵਿਚ, ਅੰਤ ਵਿਚ ਅਸੀਂ ਉਸ ਮੁੱਖ ਕਾਰਨ ਤੇ ਪਹੁੰਚਦੇ ਹਾਂ ਜਿਸ ਦੇ ਲਈ ਪਰਮੇਸ਼ੁਰ ਨੇ ਇਸ ਅਧਿਆਇ ਨੂੰ ਸਾਡੇ ਲਈ ਸਾਂਭਿਆ ਹੋਇਆ ਹੈ: ਸਾਨੂੰ ਇਸ ਸੰਦੇਸ਼ ਦੀ *ਲੋੜ* ਹੈ। ਕਿਉਂਕਿ ਅਸੀਂ ਨਹੀਂ ਜਾਣਦੇ ਕਿ ਮਸੀਹ ਕਿਸ ਸਮੇਂ ਆ ਜਾਵੇਗਾ, ਸਾਨੂੰ ਹਮੇਸ਼ਾ *ਤਿਆਰ* ਰਹਿਣ ਦੀ ਲੋੜ ਹੈ: "ਸੋ ਜਾਗਦੇ ਰਹੋ ਕਿਉਂਕਿ ਤੁਸੀਂ ਨਹੀਂ ਜਾਣਦੇ ਜੋ ਤੁਹਾਡਾ ਪ੍ਰਭੁ ਕਿਹੜੇ ਦਿਨ

ਆਉਂਦਾ ਹੈ" (ਮੱਤੀ 24:42; ਵੇਖੋ ਮਰਕੁਸ 13:33)।

ਮਸੀਹ ਦਾ ਆਉਣਾ ਰਾਤ ਨੂੰ ਆਉਣ ਵਾਲੇ ਚੋਰ ਦੇ ਵਾਂਗ ਹੋਵੇਗਾ, ਇੱਕ ਸੰਨ ਲਾਉਣ ਵਾਲਾ ਚੋਰ ਜੋ ਉਸ ਸਮੇਂ ਆਉਂਦਾ ਹੈ ਜਦੋਂ ਉਸ ਦੇ ਆਉਣ ਦੀ ਉਮੀਦ ਬਹੁਤ ਘੱਟ ਹੁੰਦੀ ਹੈ (ਮੱਤੀ 24:43, 44; ਵੇਖੋ 1 ਥੱਸਲੁਨੀਕੀਆਂ 5:2; 2 ਪਤਰਸ 3:10)। ਉਹ ਲੋਕ ਜੋ ਪ੍ਰਭੂ ਦੇ ਆਉਣ ਦਾ ਸਮਾਂ ਨਿਰਧਾਰਤ ਕਰਨ ਦੀ ਕੋਸ਼ਿਸ਼ ਕਰਦੇ ਹਨ ਉਨ੍ਹਾਂ ਨੂੰ ਮੱਤੀ 24:44 ਨੂੰ ਆਪਣੇ ਦਿਲ ਵਿਚ ਰੱਖਣ ਦੀ ਲੋੜ ਹੈ। ਉਹ *ਸੋਚਦੇ* ਹਨ ਕਿ ਉਹ "ਸਮੇਂ ਦੇ ਨਿਸ਼ਾਨਾਂ" ਨੂੰ ਵੇਖ ਸਕਦੇ ਹਨ ਅਤੇ ਭਵਿੱਖਵਾਣੀ ਕਰ ਸਕਦੇ ਹਨ ਕਿ ਉਸ ਦਾ ਆਉਣਾ ਨੇੜੇ ਹੈ, ਪਰ ਉਸ ਨੇ ਕਿਹਾ ਕਿ "ਜਿਸ ਘੜੀ ਤੁਹਾਨੂੰ *ਚਿੱਤ ਚੇਤਾ* ਨਾ ਹੋਵੇ ਉਸੇ ਘੜੀ ਮਨੁੱਖ ਦਾ ਪੁੱਤ੍ਰ ਆ ਜਾਵੇਗਾ" (ਜ਼ੋਰ ਦਿੱਤਾ ਗਿਆ ਹੈ।)

ਫਿਰ, ਉਸ ਦਾ ਆਉਣਾ ਇੱਕ ਮਾਲਕ ਦੇ ਅਚਾਨਕ ਆਉਣ ਵਾਂਗ ਹੋਵੇਗਾ ਜੋ ਇਸ ਗੱਲ ਦਾ ਪਤਾ ਲਗਾਉਂਦਾ ਹੈ ਕਿ ਉਸ ਦੇ ਨੌਕਰਾਂ ਵਿਚੋਂ ਇੱਕ ਬੇਵਫ਼ਾ ਹੋ ਗਿਆ ਹੈ (ਮੱਤੀ 24:45-51; ਵੇਖੋ ਮਰਕੁਸ 13:34)। ਪਰਮੇਸ਼ੁਰ ਦੇ ਹਰ ਦਾਸ ਲਈ ਸਬਕ ਇਹ ਹੈ:

> ਸੋ ਜਾਗਦੇ ਰਹੋ ਕਿਉਂ ਜੋ ਤੁਸੀਂ ਨਹੀਂ ਜਾਣਦੇ ਭਈ ਘਰ ਦਾ ਮਾਲਕ ਕਦ ਆਵੇਗਾ, ਸੰਝ ਨੂੰ ਯਾ ਅੱਧੀ ਰਾਤ ਨੂੰ ਯਾ ਕੁੱਕੜ ਦੇ ਬਾਂਗ ਦੇਣ ਦੇ ਵੇਲੇ ਯਾ ਤੜਕੇ ਨੂੰ – ਤਾਂ ਅਜਿਹਾ ਨਾ ਹੋਵੇ ਜੋ ਅਚਾਣਕ ਆਣ ਕੇ ਉਹ ਤੁਹਾਨੂੰ ਸੁੱਤੇ ਵੇਖੇ। ਅਤੇ ਜੋ ਮੈਂ ਤੁਹਾਨੂੰ ਆਖਦਾ ਹਾਂ ਸੋ ਸਾਰਿਆਂ ਨੂੰ ਆਖਦਾ ਹਾਂ ਭਈ ਜਾਗਦੇ ਰਹੋ! (ਮਰਕੁਸ 13:35-37)।

ਅਗਲੇ ਅਧਿਆਇ ਮੱਤੀ 25 ਵਿਚ, ਯਿਸੂ ਨੇ ਤਿਆਰ ਰਹਿਣ ਦੀ ਲੋੜ ਤੇ ਜ਼ੋਰ ਦਿੱਤਾ: ਦਸਾਂ ਕੁਆਰੀਆਂ ਦੇ ਦ੍ਰਿਸ਼ਟਾਂਤ ਵਿਚ, ਜਦੋਂ ਲਾੜ੍ਹਾ ਆਇਆ ਤਾਂ ਪੰਜ ਤਿਆਰ ਸਨ, ਪਰ ਪੰਜ ਤਿਆਰ ਨਹੀਂ ਸਨ (ਮੱਤੀ 25:1-13)। ਤੋੜਿਆਂ ਦੇ ਦ੍ਰਿਸ਼ਟਾਂਤ ਵਿਚ, ਮਸੀਹ ਨੇ ਸਿਖਾਇਆ ਕਿ ਇੱਕ ਦਿਨ ਸਾਡੇ ਵਿਚੋਂ ਹਰ ਇੱਕ ਨੂੰ ਆਪਣੇ ਭੰਡਾਰੀਪਣ ਦਾ ਲੇਖਾ ਦੇਣਾ ਪਵੇਗਾ (ਮੱਤੀ 25:14-30)। ਇਹ ਅਧਿਆਇ ਪ੍ਰਭੂ ਦੀ ਆਮਦ ਤੇ ਨਿਆਂ ਦੇ ਵਰਣਨ ਦੇ ਨਾਲ ਬੰਦ ਹੁੰਦਾ ਹੈ (ਮੱਤੀ 25:31-46)।

## ਸਿੱਟਾ

ਮੱਤੀ 24 ਨੂੰ ਵੇਖ ਕੇ, ਕੀ ਅਸੀਂ ਹਰ ਉਸ ਸਵਾਲ ਦਾ ਉੱਤਰ ਦਿੱਤਾ ਹੈ ਜੋ ਇਸ ਉਲਝਣ ਭਰੇ ਅਧਿਆਇ ਦੇ ਵਿਸ਼ੇ ਵਿਚ ਪੁੱਛਿਆ ਜਾ ਸਕਦਾ ਹੈ? ਨਹੀਂ, ਪਰ ਸਾਨੂੰ ਉਮੀਦ ਹੈ ਕਿ ਕੁਝ ਅਜਿਹੇ ਵਿਚਾਰ ਪੇਸ਼ ਕੀਤੇ ਗਏ ਹਨ ਜੋ ਲੋਕਾਂ ਦੀ ਮਦਦ ਕਰਨਗੇ ਕਿ ਜਦੋਂ ਉਹ ਲਗਾਤਾਰ ਅਧਿਐਨ ਕਰਦੇ ਹਨ, ਤਾਂ ਉਹ ਅਤਿਵਾਦ ਅਤੇ ਸਨਸਨੀਖੇਜ ਤੋਂ ਬਚ ਸਕਣ। ਇੱਥੋਂ ਤਕ ਕਿ ਉਹ ਲੋਕ ਵੀ ਜੋ ਜੀਵਨ ਭਰ ਮੱਤੀ 24 ਅਧਿਆਇ ਦਾ ਅਧਿਐਨ ਕਰਦੇ ਹਨ ਉਨ੍ਹਾਂ ਦੇ ਕੋਲ ਵੀ ਇਸ ਮੁਸ਼ਕਲ ਮੂਲ ਲਿਖਤ ਦੇ ਵਿਸ਼ੇ ਵਿਚ ਹੁਣ ਵੀ ਪ੍ਰਸ਼ਨ ਹੋਣਗੇ।

ਕੀ ਇਸ ਦਾ ਅਰਥ ਇਹ ਹੈ ਕਿ ਅਸੀਂ ਇਸ ਅਧਿਆਇ ਤੋਂ ਕੁਝ ਵੀ ਨਹੀਂ ਸਿਖ ਸਕਦੇ ਹਾਂ? ਦੁਬਾਰਾ, ਜਵਾਬ ਇੱਕ ਜ਼ੋਰਦਾਰ "ਨਾ" ਹੈ। ਏ. ਟੀ. ਰੋਬਟਸਨ ਨੇ ਸੁਝਾਅ ਦਿੱਤਾ ਕਿ ਜੇਕਰ ਅਸੀਂ "ਸਮੇਂ ਅਤੇ ਸਥਾਨ ਦੇ ਮਿੰਟ ਦੇ ਵੇਰਵੇ ਨੂੰ ਹੀ ਛੱਡ ਦੇਈਏ," ਤਾਂ ਵੀ ਅਸੀਂ ਸਿਰਫ "ਸਮੇਂ ਦੇ ਆਮ ਬਹਾਓ ਨੂੰ ਹੀ ਫੜ ਸਕਦੇ ਹਾਂ।"[19]

ਮੱਤੀ 24 ਅਧਿਆਇ ਤੋਂ ਅਸੀਂ ਕਿਹੜਾ ਸਬਕ ਸਿੱਖ ਸਕਦੇ ਹਾਂ? ਅਧਿਆਇ ਦਾ ਉਹ ਭਾਗ ਜੋ ਯਰੂਸ਼ਲਮ ਦੀ ਤਬਾਹੀ ਉੱਤੇ ਕੇਂਦ੍ਰਿਤ ਹੈ ਉਹ ਸਾਨੂੰ ਤਿੰਨ ਮਹਾਨ ਸੱਚਾਈਆਂ ਦੱਸਦਾ

ਹੈ: (1) ਕੋਈ ਵੀ ਪਰਮੇਸ਼ੁਰ ਦੇ ਨਿਆਂ ਤੋਂ ਮੁਕਤ ਨਹੀਂ ਹੈ। (2) ਜਦੋਂ ਪਰਮੇਸ਼ੁਰ ਕੁਝ ਕਹਿੰਦਾ ਹੈ, ਤਾਂ ਉਸ ਦਾ ਮਤਲਬ ਹੁੰਦਾ ਹੈ। (3) ਯਿਸੂ ਨੇ ਇਸ ਗੱਲ ਦਾ ਦਾਅਵਾ ਕੀਤਾ ਹੈ ਕਿ ਉਹ ਸਭ ਕੁਝ ਹੈ ਕਿਉਂਕਿ ਤਬਾਹੀ ਦੇ ਨਾਲ ਸੰਬੰਧਤ ਉਸ ਦੀਆਂ ਭਵਿੱਖਵਾਣੀਆਂ ਨੂੰ ਇਸ ਤਰ੍ਹਾਂ ਵਿਸਥਾਰ ਦੇ ਨਾਲ ਪੂਰਾ ਕੀਤਾ ਗਿਆ ਸੀ। ਇਸ ਲਈ ਆਓ ਅਸੀਂ ਉਸ ਤੋਂ ਪ੍ਰੇਰਣਾ ਪਾਏ ਲੇਖਕਾਂ ਰਾਹੀਂ ਉਹ *ਸਭ ਕੁਝ* ਸੁਣੀਏ ਜੋ ਉਸ ਨੇ ਕਿਹਾ ਹੈ।

ਅਸੀਂ ਅਧਿਆਇ ਦੇ ਉਸ ਭਾਗ ਤੋਂ ਹੋਰ ਸਬਕ ਸਿੱਖ ਸਕਦੇ ਹਾਂ ਜੋ ਦੂਸਰੀ ਆਮਦ ਤੇ ਜ਼ੋਰ ਦਿੰਦਾ ਹੈ: (1) ਮਸੀਹ ਵਾਪਸ ਆ ਰਿਹਾ *ਹੈ*! (2) ਉਹ ਕਿਸੇ ਵੀ ਸਮੇਂ ਆ ਸਕਦਾ ਹੈ। (3) ਕੋਈ ਵੀ ਉਸ ਸਮੇਂ ਨੂੰ ਨਹੀਂ ਜਾਣਦਾ ਹੈ। (4) ਸਾਨੂੰ ਹਮੇਸ਼ਾ ਤਿਆਰ ਰਹਿਣ ਦੀ ਲੋੜ ਹੈ ਤਾਂ ਕਿ ਅਸੀਂ ਉਸ ਨੂੰ ਇਹ ਕਹਿੰਦੇ ਸੁਣ ਸਕੀਏ, "ਹੇ ਮੇਰੇ ਪਿਤਾ ਦੇ ਮੁਬਾਰਕ ਲੋਕੋ ਆਓ! ਜਿਹੜਾ ਰਾਜ ਸੰਸਾਰ ਦੇ ਮੁੱਢੋਂ ਤੁਹਾਡੇ ਲਈ ਤਿਆਰ ਕੀਤਾ ਹੋਇਆ ਹੈ ਉਹ ਦੇ ਵਾਰਸ ਹੋਵੋ" (ਮੱਤੀ 25:34)।

---

ਟਿੱਪਣੀਆਂ

[1]ਜੋਸੇਫੁਸ *ਐਂਟੀਕਿਊਟੀਜ਼* 15.11.3; *ਵਾਰਸ* 5.5.4. [2]ਜੋਸੇਫੁਸ *ਐਂਟੀਕਿਊਟੀਜ਼* 15.11.3. ਇਹ ਮਾਪ ਅਠਾਰਾਂ ਇੰਚ ਦੇ ਇੱਕ ਛੋਟੇ ਹੱਥ ਦੀ ਕਲਪਨਾ ਕਰਦਾ ਹੈ। *ਵਾਰਸ* 5.5.6 ਪੱਥਰਾਂ ਦੇ ਲਈ ਵੱਖੋ ਵੱਖਰੇ ਪੈਮਾਨੇ ਦਿੰਦਾ ਹੈ। [3]ਰੋਬਰਟ ਡਨਕਨ ਕਲਵਰ, *ਦ ਲਾਇਫ ਆਫ਼ ਕ੍ਰਾਇਸਟ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1976), 225-26. [4]ਵਿਲ ਐੱਡ ਵਾਰਨ, ਕਲਾਸ ਸਲੇਬਸ, *ਦ ਲਾਇਫ ਆਫ਼ ਕ੍ਰਾਈਸਟ: ਦ ਸਨੋਪਟਿਕ ਗੌਸਪਲਸ*, ਹਾਰਡਿੰਗ ਯੂਨੀਵਰਸਿਟੀ, 1991, 96. [5]ਏ. ਟੀ. ਰੋਬਰਟਸਨ, *ਏ ਹਾਰਮੋਨੀ ਆਫ਼ ਗੌਸਪਲਸ ਫਾਰ ਸਟੂਡੈਂਟਸ ਆਫ਼ ਦ ਲਾਇਫ ਆਫ਼ ਕ੍ਰਾਇਸਟ* (ਨਿਊਯਾਰਕ: ਹਾਰਪਰ ਐਂਡ ਰੋਅ, 1950), 173. [6]ਆਰ. ਟੀ. ਫਰਾਂਸ, *ਦ ਗੌਸਪਲ ਅਕਾਊਡਿੰਗ ਟੂ ਮੈਥਿਊ*, ਟਿੰਡਲ ਨਿਊ ਟੈਸਟਾਮੈਂਟ ਕਮੈਂਟਰੀਜ਼, ਜਨਰਲ ਅੰਕ, ਲੀਓਨ ਮੌਰਿਸ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1985), 346. [7]ਜੈਕ ਪੀ. ਲੂਇਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ, ਭਾਗ 2*, ਦ ਲਿਵਿੰਗ ਵਰਡ ਕਮੈਂਟਰੀ, ਸੰਪਾ. ਏਵਰਟ ਫਰਗੂਸਨ (ਅਬੀਲੀਨ, ਟੈਕਸਾਸ: ਏਸੀਯੂ ਪ੍ਰੈੱਸ, 1976), 129-30. [8]ਜੋਸੇਫੁਸ *ਐਂਟੀਕਿਊਟੀਜ਼* 20.5.1-2; 20.8.6; *ਵਾਰਸ* 2.12.4-5. [9]ਵੇਖੋ 1 ਮੱਕਾਬੀਆਂ 1:54; 2 ਮੱਕਾਬੀਆਂ 6:4, 5; ਜੋਸੇਫੁਸ *ਐਂਟੀਕਿਊਟੀ* 12.5.4. [10]ਵੇਨ ਜੈਕਸਨ, "ਡੇਨੀਅਲਸ ਪਰੋਫੇਸੀ ਆਫ਼ ਦ ਸੈਵਨਟੀ ਵੀਕਸ," *ਟਰੁੱਥ ਫ਼ਾਰ ਟੁਡੇ* 22 (ਜੂਨ 2001): 23-24. ਵੇਖੋ ਜੋਸੇਫੁਸ *ਐਂਟੀਕਿਊਟੀਜ਼* 10.11.7.

[11]ਜੋਸੇਫੁਸ *ਐਂਟੀਕਿਊਟੀਜ਼* 18.3.1; 18.5.3; *ਵਾਰਸ* 6.6.1. [12]ਨੀਲ ਪਰਾਇਅਰ, "ਦ 'ਅਬੋਮੀਨੇਸ਼ਨ ਆਫ਼ ਡੇਜ਼ੋਲੇਸ਼ਨ' ਦਾਨਿਏਲ 9:27 ਅਤੇ ਮੱਤੀ 24:15-21 ਵਿੱਚ," *ਟਰੁੱਥ ਫਾਰ ਟੁਡੇ* 22 (ਜੂਨ 2001): 50. ਵੇਖੋ ਯੂਸੀਬੀਅਸ *ਐਕਲੀਜੀਆਸਟਿਕਲ ਹਿਸਟਰੀ* 3.5; ਜੋਸੇਫੁਸ *ਵਾਰਸ* 4.9.1-2; 4.10.1-2; 4.11.4-5. [13]ਜੋਸੇਫੁਸ *ਵਾਰਸ* 6.9.3. [14]ਉਸੇ ਸਥਾਨ ਤੇ, 5.11.1. [15]ਜੇ. ਨਾਰਵਲ ਗਲਡੇਨਹੂਸ, "ਲੂਕ," *ਦ ਬਿਬਲੀਕਲ ਐਕਸਪੋਜ਼ਿਟਰ*, ਸੰਪਾ. ਕਾਰਲ ਐਫ਼. ਐੱਚ. ਹੈਨਰੀ (ਫਿਲਡੇਲਫਿਯਾ: ਹੌਲਮੈਨ, 1960), 3:141. [16]ਜੈਕਸਨ, 24. [17]ਵੇਖੋ ਐੱਫ. ਫਰਮੈਨ ਕੇਅਰਲੀ, "ਐਨ ਐਕਸੀਜੀਜਿਸ ਆਫ਼ ਮੈਥਿਊ 24," *ਅਬਲੀਨ ਕ੍ਰਿਸਚੀਅਨ ਯੂਨੀਵਰਸਿਟੀ ਲੈਕਚਰਸ* (1980): 130. [18]ਉਸੇ ਸਥਾਨ ਤੇ, 131-32. [19]ਰੋਬਰਟਸਨ, 173.